# ਮਾਪਿਆਂ ਲਈ ਵਸੀਲੇ:
# ਸੋਜੀ ਨੂੰ ਸ਼ਾਮਲ ਕਰਨ ਵਾਲੀ ਪੜ੍ਹਾਈ ਦੀ ਜਾਣ-ਪਛਾਣ

## ਫਾਸਿਲੀਟੇਟਰ ਦੀ ਗਾਈਡ

---


ਜਾਣ-ਪਛਾਣ 2

ਪੇਸ਼ਕਾਰੀ ਲਈ ਜ਼ਰੂਰੀ ਗੱਲਾਂ 3

ਫਾਸਿਲਟੀਟੇਸ਼ਨ ਲਈ ਨਿਸ਼ਾਨ ਲਾਉਣ ਵਾਲੀ ਲਿਸਟ 4

ਬੋਲਣ ਲਈ ਨੋਟਸ 5

ਬਰੋਸ਼ਰ - ਮਾਪਿਆਂ ਲਈ ਬਰੋਸ਼ਰ 11

ਇਤਰਾਜ਼ਾਂ ਨਾਲ ਸਿੱਝਣਾ 16


*ਇਹ ਗਾਈਡ ਸ਼ੁਰੂ ਕਰਨ ਲਈ ਹੈ। ਇਸ ਨੂੰ ਆਪਣੀ ਮਰਜ਼ੀ ਮੁਤਾਬਕ ਢਾਲੋ ਜਾਂ ਜਿਸ ਤਰ੍ਹਾਂ ਹੈ ਉਸੇ ਤਰ੍ਹਾਂ ਵਰਤੋ! ਪੇਸ਼ਕਾਰੀ ਅਤੇ ਗਾਈਡ, ਤੁਹਾਡੇ ਵਰਗੇ ਜਗਿਆਸੂ ਮਾਪਿਆਂ ਲਈ ਅਧਿਆਪਕਾਂ ਅਤੇ ਮਾਪਿਆਂ ਵਲੋਂ ਤਿਆਰ ਕੀਤੀ ਗਈ ਸੀ।*

# ਜਾਣ-ਪਛਾਣ

### ਸਕੂਲ ਦੇ ਮਾਹੌਲ ਵਿਚ ਪੇਸ਼ ਕਰਨਾ

ਜੇ ਤੁਸੀਂ ਇਹ ਸਕੂਲ ਦੇ ਮਾਹੌਲ ਵਿਚ ਪੇਸ਼ ਕਰਨ ਬਾਰੇ ਸੋਚ ਰਹੇ ਹੋ ਤਾਂ ਤੁਸੀਂ ਆਪਣੇ ਸਕੂਲ ਐਡਮਿਨਸਟਰੇਸ਼ਨ, ਆਪਣੀ ਪੀ ਏ ਸੀ ਲੀਡਰਸ਼ਿਪ ਜਾਂ ਆਪਣੀ ਸੋਜੀ ਸਕੂਲ ਲੀਡ ਕੋਲ ਪਹੁੰਚ ਕਰ ਸਕਦੇ ਹੋ ਤਾਂ ਜੋ ਇਹ ਪਤਾ ਲੱਗ ਸਕੇ ਕਿ ਕੀ ਨੇੜ ਭਵਿੱਖ ਵਿਚ ਪੇਸ਼ਕਾਰੀ (ਪ੍ਰੈਜ਼ਿਨਟੇਸ਼ਨ) ਦੀਆਂ ਕੋਈ ਪਲੈਨਾਂ ਹਨ ਜਾਂ ਨਹੀਂ।

ਇਹ ਪੇਸ਼ਕਾਰੀ, ਪੜ੍ਹਾਈ ਦੇ ਸਿਸਟਮ ਵਿਚ ਬੱਚਿਆਂ ਦੇ ਮਾਪਿਆਂ ਲਈ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਗੱਲਬਾਤ ਕਰਨ ਲਈ ਇਕ ਸ਼ੁਰੂਆਤੀ ਪੋਆਇੰਟ ਬਣਨ ਲਈ ਤਿਆਰ ਕੀਤੀ ਗਈ ਹੈ।

### ਕਮਿਉਨਟੀ ਦੇ ਮਾਹੌਲ ਵਿਚ ਪੇਸ਼ ਕਰਨਾ

ਜੇ ਤੁਸੀਂ ਕਮਿਉਨਟੀ ਵਿਚ ਪੇਸ਼ਕਾਰੀ (ਪ੍ਰੈਜ਼ਿਨਟੇਸ਼ਨ) ਕਰਨ ਬਾਰੇ ਵਿਚਾਰ ਕਰ ਰਹੇ ਹੋ ਤਾਂ ਇਹ ਗਾਈਡ, ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਨਾਲ ਸੰਬੰਧਿਤ ਪੇਸ਼ਕਾਰੀ ਬਾਰੇ ਤੁਹਾਨੂੰ ਸ਼ੁਰੂ ਤੋਂ ਅੰਤ ਤੱਕ ਦੀ ਜਾਣਕਾਰੀ ਦੇਵੇਗੀ। ਤੁਸੀਂ ਦੱਸੇ ਮੁਤਾਬਕ ਸੈਸ਼ਨ ਲਾ ਸਕਦੇ ਹੋ ਜਾਂ ਆਪਣੀ ਪੇਸ਼ਕਾਰੀ ਦੇ ਸਟਾਇਲ ਅਤੇ ਸਰੋਤਿਆਂ ਮੁਤਾਬਕ ਫਿੱਟ ਕਰਨ ਲਈ ਇਸ ਨੂੰ ਬਦਲ ਸਕਦੇ ਹੋ।

ਇਹ ਪੇਸ਼ਕਾਰੀ, ਪੜ੍ਹਾਈ ਦੇ ਸਿਸਟਮ ਵਿਚ ਬੱਚਿਆਂ ਦੇ ਮਾਪਿਆਂ ਲਈ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਗੱਲਬਾਤ ਕਰਨ ਲਈ ਇਕ ਸ਼ੁਰੂਆਤੀ ਪੋਆਇੰਟ ਬਣਨ ਲਈ ਤਿਆਰ ਕੀਤੀ ਗਈ ਹੈ।

### ਲੋੜ ਮੁਤਾਬਕ ਹੋਰ ਵਸੀਲਿਆਂ ਦੀ ਵਰਤੋਂ ਕਰੋ

ਤੁਸੀਂ ਹੋਰ ਵਸੀਲੇ SOGIeducation.org/parents `ਤੇ ਲੱਭ ਸਕਦੇ ਹੋ। ਜੇ ਤੁਹਾਡੇ ਮਨ ਵਿਚ ਅਗਾਂਹ ਹੋਰ ਸਵਾਲ ਹੋਣ ਤਾਂ ਤੁਸੀਂ ਆਪਣੇ ਸਕੂਲ ਦੇ ਸੋਜੀ ਲੀਡ, ਪੀ ਏ ਸੀ ਲੀਡਰਸ਼ਿਪ ਜਾਂ ਸਕੂਲ ਐਡਮਿਨਸਟਰੇਟਰ ਨਾਲ ਵੀ ਸੰਪਰਕ ਕਰ ਸਕਦੇ ਹੋ।

### ਇਤਰਾਜ਼ਾਂ ਨਾਲ ਸਿੱਝਣਾ

ਭਾਵੇਂ ਕਿ ਹਰ ਇਕ ਦੇ ਵਿਚਾਰ ਸੁਣਨਾ ਮਹੱਤਵਪੂਰਨ ਹੈ, ਪਰ ਮਿੱਥਿਆ ਗਿਆ ਸਮਾਂ ਬਹੁਤ ਥੋੜ੍ਹਾ ਹੈ। ਗਰੁੱਪ ਦੀ ਸ਼ਮੂਲੀਅਤ ਦਾ ਸੰਤੁਲਨ ਕਾਇਮ ਰੱਖਣ ਲਈ ਅਤੇ ਇਸ ਸੈਸ਼ਨ ਲਈ ਹੋਣ ਵਾਲੀ ਗੱਲਬਾਤ ਦਾ ਤਰੀਕਾ ਤੈਅ ਲਈ ਕੁਝ ਸੁਝਾਅ ਇਹ ਹਨ:

**ਸੈਸ਼ਨ ਤੋਂ ਪਹਿਲਾਂ:**

- ਇਤਰਾਜ਼ਾਂ ਦਾ ਸੰਖੇਪ ਤਰੀਕਿਆਂ ਵਿਚ ਜਵਾਬ ਦੇਣ ਲਈ ਫਾਸਿਲੀਟੇਟਰ ਦੀ ਇਸ ਗਾਈਡ ਦੇ ਅੰਤ `ਤੇ "ਸੋਜੀ ਦੀ ਪੜ੍ਹਾਈ ਦੇ ਇਤਰਾਜ਼ਾਂ ਬਾਰੇ ਗੱਲ ਕਰਨਾ" ਪੜ੍ਹੋ।

**ਸੈਸ਼ਨ ਦੌਰਾਨ:**

- ਔਖੀ ਜਾਂ ਗੁੰਝਲਦਾਰ ਗੱਲਬਾਤ ਨੂੰ ਰੋਕੋ ਅਤੇ ਵਿਸ਼ੇ ਨੂੰ ਚਾਰਟ ਪੇਪਰ ਉੱਪਰ ਲਿਖ ਕੇ ਇਸ ਨੂੰ "ਪਾਰਕਿੰਗ ਲੌਟ" ਵਿਚ ਰੱਖੋ। ਸੈਸ਼ਨ ਦੇ ਅੰਤ `ਤੇ ਇਸ ਪਾਰਕਿੰਗ ਲੌਟ ਵਿਚ ਜਾਉ, ਅਤੇ ਇਨ੍ਹਾਂ ਵਿਸ਼ਿਆਂ ਬਾਰੇ ਬਾਅਦ ਵਿਚ ਗੱਲ ਕਰਨ ਲਈ ਲੋਕਾਂ ਅਤੇ ਥਾਂਵਾਂ ਦੀ ਪਛਾਣ ਕਰੋ।
- ਕਿਸੇ ਵੀ ਉਸ ਵਿਅਕਤੀ ਨਾਲ ਸੈਸ਼ਨ ਤੋਂ ਬਾਅਦ ਇਕੱਲੇ ਇਕੱਲੇ ਨਾਲ ਗੱਲ ਕਰਨ ਲਈ ਸਹਿਮਤ ਹੋਵੋ ਜਿਹੜਾ ਸੋਜੀ ਦੀ ਪੜ੍ਹਾਈ ਬਾਰੇ ਇਤਰਾਜ਼ ਜ਼ਾਹਰ ਕਰਨਾ ਚਾਹੁੰਦਾ ਹੈ।

# ਪੇਸ਼ਕਾਰੀ ਲਈ ਜ਼ਰੂਰੀ ਗੱਲਾਂ

---

**ਸਾਜ਼-ਸਾਮਾਨ ਅਤੇ ਟੈਕਨੌਲੋਜੀ**

- ਪੌਵਰਪੋਆਇੰਟ ਨਾਲ ਪੇਸ਼ਕਾਰੀ ਨੂੰ ਦਿਖਾਉਣ ਲਈ ਅਤੇ ਵੀਡਿਓ ਚਲਾਉਣ ਲਈ (ਆਵਾਜ਼ ਨਾਲ) ਏ/ਵੀ ਸਾਜ਼-ਸਾਮਾਨ ਬੁੱਕ ਕਰੋ।
- ਇਹ ਪੱਕਾ ਕਰੋ ਕਿ ਪੌਵਰਪੋਆਇੰਟ ਵਿਚ ਸਿੱਧੇ ਲਿੰਕਾਂ ਤੋਂ ਵੀਡਿਓਜ਼ ਚਲਾਉਣ ਲਈ ਵਾਈ ਫਾਈ ਕੋਨੈਕਸ਼ਨ ਹੈ। ਜੇ ਵਾਈ ਫਾਈ ਨਹੀਂ ਹੈ ਤਾਂ ਤੁਸੀ ਇਸ ਸੈਸ਼ਨ ਲਈ SOGIeducation.org/videos ਤੋਂ ਸੋਜੀ 1 2 3 ਵੀਡਿਓ ਡਾਊਨਲੋਡ ਕਰ ਸਕਦੇ ਹੋ।

**ਪੈਂਫਲਿਟ**

- ਅੱਗੇ ਦਿੱਤੇ ਦੀ **ਇਕ ਕਾਪੀ ਹਿੱਸਾ ਲੈਣ ਵਾਲੇ ਹਰ ਵਿਅਕਤੀ** ਲਈ ਪ੍ਰਿੰਟ ਕਰੋ (ਇਸ ਗਾਈਡ ਵਿਚ ਹੈ ਜਾਂ SOGIeducation.org/parents `ਤੇ ਹੈ):

ਸੋਜੀ 1 2 3 ਮਾਪੇ ਲਈ ਬਰੋਸ਼ਰ

ਸਪਲਾਈਆਂ ਅਤੇ ਰੂਮ ਸੈੱਟ-ਅੱਪ

- ਪੈਰਵੀ ਲਈ ਵਿਸ਼ਿਆਂ ਦੀ ਲਿਸਟ ਬਣਾਉਣ ਲਈ "ਪਾਰਿਕੰਗ ਲੌਟ" ਸਿਰਲੇਖ ਦਾ ਚਾਰਟ ਪੇਪਰ ਕੰਧ `ਤੇ ਟੰਗੋ।
- ਪੋਸਟ-ਇਟ ਨੋਟਸ ਵੰਡੋ।

**ਖਰੜੇ ਦੀ ਲਿਖਤ (ਈਮੇਲਾਂ ਜਾਂ ਹੋਰ ਚੀਜ਼ਾਂ ਲਈ)**

"[mm/dd/yyyy] ਨੂੰ ਸਾਡੇ ਸਕੂਲ ਵਿਚ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਜਾਣਕਾਰੀ ਦੇਣ ਵਾਲੇ ਸੈਸ਼ਨ ਨੂੰ ਮੈਂ ਸੋਜੀ ਸਕੂਲ ਲੀਡ/ਐਡਮਿਨਸਟਰੇਟਰ ਨਾਲ ਰਲ ਕੇ ਚਲਾਵਾਂਗਾ/ਚਲਾਵਾਂਗੀ। ਜਾਣਕਾਰੀ ਦੇਣ ਵਾਲੇ ਸੈਸ਼ਨ ਦਾ ਮਕਸਦ, ਜਵਾਬ ਨਾ ਦਿੱਤੇ ਗਏ ਸਵਾਲਾਂ ਦੇ ਜਵਾਬ ਦੇਣਾ ਹੈ ਅਤੇ ਇਸ ਚੀਜ਼ ਬਾਰੇ ਜ਼ਿਆਦਾ ਸਮਝ ਬਣਾਉਣਾ ਹੈ ਕਿ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਸਾਡੇ ਸਕੂਲ ਵਿਚ ਕਿਸ ਤਰ੍ਹਾਂ ਦੀ ਦਿਖਾਈ ਦਿੰਦੀ ਹੈ। ਅਸੀਂ ਸਾਰੇ ਆਪਣੀ ਸਿੱਖਿਆ ਵਿਚ ਵੱਖ ਵੱਖ ਥਾਂਵਾਂ `ਤੇ ਹਾਂ ਅਤੇ ਇਹ ਓਕੇ ਹੈ! ਸਾਡੇ ਸਕੂਲ ਨੂੰ ਹੋਰ ਸੁਰੱਖਿਅਤ, ਸਾਡੇ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਜ਼ਿਆਦਾ ਸੁਆਗਤ ਕਰਨ ਵਾਲਾ ਬਣਾਉਣ ਲਈ ਕਿਰਪਾ ਕਰਕੇ ਜ਼ਰੂਰੀ ਗੱਲਬਾਤ ਵਿਚ ਮੇਰੇ ਨਾਲ ਸ਼ਾਮਲ ਹੋਵੋ। ਤੁਸੀਂ ਸੈਸ਼ਨ ਅਤੇ ਸੋਜੀ 1 2 3 ਬਾਰੇ ਜ਼ਿਆਦਾ ਜਾਣਕਾਰੀ SOGIeducation.org/parents `ਤੇ ਲੱਭ ਸਕਦੇ ਹੋ।

# ਫਾਸਿਲਟੀਟੇਸ਼ਨ ਲਈ ਨਿਸ਼ਾਨ ਲਾਉਣ ਵਾਲੀ ਲਿਸਟ

| | |
|---|---|
| **ਕੌਣ** | ☐ ਆਪਣੀ ਇੱਛਾ ਦੇ ਸਰੋਤਿਆਂ ਦੀ ਚੋਣ ਕਰੋ।<br>☐ ਕਿਸੇ ਕੋ-ਫਾਸਿਲੀਟੇਟਰਜ਼ ਜਾਂ ਕੋ-ਔਰਗੇਨਾਈਜ਼ਰਜ਼ ਦੀ ਪਛਾਣ ਕਰੋ (ਪੀ ਏ ਸੀ, ਸੋਜੀ ਸਕੂਲ ਲੀਡ, ਐਡਮਿਨ) |
| **ਕਦੋਂ** | ☐ ਉਸ ਸਮੇਂ ਦਾ ਫੈਸਲਾ ਕਰੋ ਜਦੋਂ ਜ਼ਿਆਦਾ ਲੋਕ ਹਾਜ਼ਰ ਹੋ ਸਕਦੇ ਹਨ।<br>**ਸੁਝਾਅ:**<br>• ਸੋਜੀ ਸਕੂਲ ਲੀਡ ਜਾਂ ਐਡਮਿਨ ਤੋਂ ਸੁਝਾਅ ਲਓ<br>• ਇਹ ਪਤਾ ਲਾਉਣ ਲਈ ਸਕੂਲ ਦੀ ਪੀ ਏ ਸੀ ਨਾਲ ਸੰਪਰਕ ਕਰੋ ਕਿ ਪੀ ਏ ਸੀ ਜਾਂ ਡੀ ਪੀ ਏ ਸੀ ਦੀ ਅਗਲੀ ਮੀਟਿੰਗ ਕਦੋਂ ਹੋ ਰਹੀ ਹੈ |
| **ਕਿੱਥੇ** | ☐ ਅਜਿਹਾ ਰੂਮ ਬੁੱਕ ਕਰੋ ਜਿਸ ਵਿਚ ਢੁਕਵੀਂ ਥਾਂ/ਸਾਮੱਗਰੀ/ਸਾਜ਼-ਸਾਮਾਨ ਹੈ ਜਿਸ ਦੀ ਤੁਹਾਨੂੰ ਲੋੜ ਪਵੇਗੀ (ਜਿਵੇਂ ਪ੍ਰੋਜੈਕਟਰ ਲਈ ਓਪਸ਼ਨ, ਹਿੱਸਾ ਲੈਣ ਵਾਲਿਆਂ ਲਈ ਕਾਫੀ ਥਾਂ) |
| **ਕੀ** | ☐ ਫਾਸਿਲੀਟੇਟਰ ਦੀ ਗਾਈਡ, ਪੌਵਰਪੋਆਇੰਟ ਪੇਸ਼ਕਾਰੀ, ਅਤੇ ਸੈਸ਼ਨ ਲਈ ਵੀਡਿਓਜ਼ `ਤੇ ਵਿਚਾਰ ਕਰੋ ਅਤੇ ਇਹ ਪੱਕਾ ਕਰੋ ਕਿ ਤੁਸੀਂ ਕਿਹੜੀ ਚੀਜ਼ ਰੱਖੋਗੇ ਅਤੇ/ਜਾਂ ਆਪਣੇ ਹਿਸਾਬ ਨਾਲ ਢਾਲੋਗੇ। |
| **ਕੌਣ** | ☐ ਆਪਣੇ ਮਨ ਵਿਚ ਸਪਸ਼ਟ ਹੋਵੋ ਕਿ ਤੁਸੀਂ ਇਹ ਸੈਸ਼ਨ ਕਿਉਂ ਚਲਾਉਣਾ ਚਾਹੁੰਦੇ ਹੋ ਅਤੇ ਤੁਸੀਂ ਕੀ ਪ੍ਰਾਪਤ ਕਰਨ ਦੀ ਉਮੀਦ ਰੱਖਦੇ ਹੋ। ਅਸਲੀਅਤ ਵਾਲੇ ਟੀਚੇ ਮਿੱਥੋ। ਇਸ ਨੂੰ ਸ਼ੁਰੂ ਕਰਨ ਵਾਲੇ ਪਆਇੰਟ ਵਜੋਂ ਸੋਚੋ। |
| **ਕਿਵੇਂ** | **ਸੈਸ਼ਨ ਤੋਂ ਕਈ ਦਿਨ:ਹਫਤੇ ਪਹਿਲਾਂ/**<br>☐ ਸਾਮੱਗਰੀ ਬਾਰੇ ਵਿਚਾਰ ਕਰੋ ਅਤੇ/ਜਾਂ ਇੱਛਾ ਮੁਤਾਬਕ ਢਾਲੋ।<br>☐ ਈ-ਮੇਲ ਰਾਹੀਂ ਸੁਨੇਹੇ ਭੇਜੋ ਅਤੇ ਪਤਾ ਲਾਉ।<br>**ਸੁਝਾਅ:**<br>• ਸੁਨੇਹਾ ਪਹੁੰਚਾਉਣ ਲਈ ਉਤਸ਼ਾਹੀ ਹਿਮਾਇਤੀਆਂ ਦੀ ਮਦਦ ਲਉ।<br>• SOGIeducation.org `ਤੇ ਸੋਜੀ ਲਰਨਿੰਗ ਬਰਸਟ ਵੀਡਿਓਜ਼ ਦੀ ਵਰਤੋਂ ਨਾਲ ਵਿਸ਼ੇ ਦੀ ਜਾਣ-ਪਛਾਣ ਕਰਵਾਉ।<br>• ਹਰ ਤਰ੍ਹਾਂ ਦੀਆਂ ਦਿਲਚਸਪੀਆਂ ਅਤੇ ਗਿਆਨ ਦੇ ਪੱਧਰਾਂ ਵਾਲੇ ਹਾਜ਼ਰੀਨ ਨੂੰ ਉਤਸ਼ਾਹ ਦਿਉ।<br>☐ ਤਾਰੀਕ ਦੇ ਨੇੜੇ ਆਉਣ `ਤੇ ਈਮੇਲ ਭੇਜ ਕੇ ਯਾਦ ਕਰਵਾਉ।<br>☐ ਸਾਜ਼-ਸਾਮਾਨ, ਸਪਲਾਈਆਂ, ਅਤੇ ਪ੍ਰਿੰਟ ਕੀਤੇ ਹੋਏ ਬਰੋਸ਼ਰ ਇਕੱਠੇ ਕਰੋ। |
| | **ਸੈਸ਼ਨ ਵਾਲੇ ਦਿਨ:**<br>☐ ਕਮਰੇ ਨੂੰ ਤਿਆਰ ਕਰੋ।<br>☐ ਆਪਣੇ ਸਪੀਕਰ ਦੇ ਨੋਟਸ `ਤੇ ਵਿਚਾਰ ਕਰੋ।<br>☐ ਸੈਸ਼ਨ ਚਲਾਉ।<br>☐ ਸਵਾਲਾਂ ਦੇ ਜਵਾਬ ਦੇਣ ਲਈ ਸੈਸ਼ਨ ਤੋਂ ਬਾਅਦ ਹਾਜ਼ਰ ਰਹੋ। |
| | **ਸੈਸ਼ਨ ਤੋਂ ਬਾਅਦ ਦੇ ਦਿਨਾਂ ਵਿਚ:**<br>☐ ਲੋਕਾਂ ਦੇ ਵਿਚਾਰ ਜਾਣਨ ਲਈ ਹਿੱਸਾ ਲੈਣ ਵਾਲਿਆਂ ਨਾਲ ਈ-ਮੇਲ ਰਾਹੀਂ ਜਾਂ ਨਿੱਜੀ ਤੌਰ `ਤੇ ਗੱਲ ਕਰੋ।<br>☐ ਸੈਸ਼ਨ ਦੌਰਾਨ ਪੈਰਵੀ ਲਈ ਉਠਾਏ ਗਏ ਕਿਸੇ ਸਵਾਲ ਬਾਰੇ ਗੱਲ ਕਰੋ।<br>☐ ਫੀਡਬੈਕ ਅਤੇ ਸਵਾਲ info@sogieducation.org `ਤੇ ਈਮੇਲ ਕਰਕੇ ਸਾਂਝੇ ਕਰੋ। |

ਹਰ ਉਸ ਲਈ ਜੋ ਨਿਸ਼ਾਨ ਲਾਉਣ ਵਾਲੀ ਚੰਗੀ ਲਿਸਟ ਪਸੰਦ ਕਰਦਾ ਹੈ!

# ਬੋਲਣ ਲਈ ਨੋਟਸ

*ਅੱਗੇ ਦਿੱਤੇ ਬੋਲਣ ਲਈ ਨੋਟਸ (ਸਪੀਕਿੰਗ ਨੋਟਸ) ਇਸ ਸੈਸ਼ਨ ਲਈ ਪਹਿਲਾਂ ਹੀ ਤਿਆਰ ਕੀਤੀ ਗਈ ਪੌਵਰਪੋਆਇੰਟ ਪੇਸ਼ਕਾਰੀ ਲਈ ਬਣਾਏ ਗਏ ਸਨ। ਇਹ 40 ਮਿੰਟ ਦੇ ਸੈਸ਼ਨ ਦਾ ਵਰਣਨ ਕਰਦੇ ਹਨ, ਪਰ ਵੱਡੇ ਪੱਧਰ ਦੀ ਗੱਲਬਾਤ ਲਈ ਸਿਰਫ ਸੰਖੇਪ ਮੌਕੇ ਦਿੰਦੇ ਹਨ। ਜਦੋਂ ਫਾਸਿਲੀਟੇਟਰ ਕੋਲ ਜ਼ਿਆਦਾ ਸਮਾਂ ਉਪਲਬਧ ਹੋਵੇ ਤਾਂ ਜ਼ਿਆਦਾ ਸਰਗਰਮੀਆ ਦਾ ਸੁਝਾਅ ਦਿੱਤਾ ਜਾਂਦਾ ਹੈ, ਅਤੇ ਜ਼ਿਆਦਾ ਗੱਲਬਾਤ ਨਾਲ ਲੰਬੇ ਸੈਸ਼ਨ ਸਦਾ ਹੀ ਕੀਮਤੀ ਹੁੰਦੇ ਹਨ। ਲਿਖਤ ਦੇ ਨਮੂਨੇ ਦਾ ਮਕਸਦ, ਪੇਸ਼ਕਾਰੀ ਵਾਲੀ ਸਲਾਈਡ ਉਪਰਲੇ ਸ਼ਬਦਾਂ ਦੀ ਪ੍ਰੇਰਨਾ ਦੇ ਪੋਆਇੰਟ ਵਜੋਂ ਵਰਤਣਾ ਹੈ।*

*ਪੌਵਰਪੋਆਇੰਟ ਪੇਸ਼ਕਾਰੀ, ਕੋਈ ਵੀ ਤਬਦੀਲੀਆਂ ਕਰਨ ਲਈ ਪੂਰੀ ਤਰ੍ਹਾਂ ਲੋੜ ਮੁਤਾਬਕ ਬਦਲਣ ਯੋਗ ਹੈ।*

## ਸਲਾਈਡ 1

### ਸਲਾਈਡ ਦਾ ਟਾਈਟਲ

1 ਮਿੰਟ

**ਲਿਖਤ ਦਾ ਨਮੂਨਾ:**

ਜੀ ਆਇਆਂ ਨੂੰ ਅਤੇ ਸਾਡੇ ਨਾਲ ਸ਼ਾਮਲ ਹੋਣ ਲਈ ਤੁਹਾਡਾ ਧੰਨਵਾਦ।
ਇਹ ਪੜ੍ਹਾਈ ਦੇ ਸਿਸਟਮ ਵਿਚ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਬੱਚਿਆਂ ਦੇ ਮਾਪਿਆਂ ਲਈ ਇਕ ਜਾਣ-ਪਛਾਣ ਹੈ। ਅੱਜ ਅਸੀਂ ਸੋਜੀ, ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਜਾਣਾਂਗੇ ਅਤੇ ਇਹ ਜਾਣਾਂਗੇ ਕਿ ਇਹ ਸੋਜੀ 1 2 3 ਨਾਲ ਕਿਵੇਂ ਸੰਬੰਧ ਰੱਖਦੀ ਹੈ।

## ਸਲਾਈਡ 2

### "ਸੋਜੀ" ਕੀ ਹੈ?

1 ਮਿੰਟ

**ਲਿਖਤ ਦਾ ਨਮੂਨਾ:**

"ਸੋ-ਜੀ" ਉਚਾਰਨ ਦਾ ਭਾਵ ਸੈਕਸੂਅਲ ਓਰੀਐਨਟੇਸ਼ਨ ਐਂਡ ਜੈਂਡਰ ਆਇਡੈਂਟਿਟੀ (ਕਾਮੁਕ ਰੁਚੀ ਅਤੇ ਲਿੰਗ ਪਛਾਣ) ਹੈ। ਸਾਡੀਆਂ ਸਾਰਿਆਂ ਦੀ ਕਿਉਂਕਿ ਕਾਮੁਕ ਰੁਚੀ ਅਤੇ ਲਿੰਗ ਪਛਾਣ ਹੁੰਦੀ ਹੈ, ਇਹ ਸਾਨੂੰ ਸਾਰਿਆਂ ਨੂੰ ਸ਼ਾਮਲ ਕਰਦੀ ਹੈ।
ਹਰ ਵਿਦਿਆਰਥੀ ਆਪਣੀ ਲਿੰਗਕ ਪਛਾਣ ਨੂੰ ਸਮਝਦਾ ਹੈ ਅਤੇ ਵੱਖਰੀ ਤਰ੍ਹਾਂ ਜ਼ਾਹਰ ਕਰਦਾ ਹੈ, ਉਨ੍ਹਾਂ ਦਿਲਚਸਪੀਆਂ ਅਤੇ ਚੋਣਾਂ ਨਾਲ ਜਿਹੜੀਆਂ ਉਸ ਦੇ ਕੁਦਰਤੀ ਸੈਕਸ ਲਈ ਆਮ ਹਨ ਜਾਂ ਘੱਟ ਆਮ ਹਨ।
ਕੁਝ ਵਿਦਿਆਰਥੀਆਂ ਨੂੰ ਆਪਣੀ ਕਾਮੁਕ ਰੁਚੀ ਜਾਂ ਲਿੰਗ ਪਛਾਣ ਬਾਰੇ ਪੱਕਾ ਪਤਾ ਨਹੀਂ ਹੋ ਸਕਦਾ ਹੈ। ਹੋਰ ਆਪਣੇ ਆਪ ਦੀ ਪਛਾਣ ਖਾਸ ਤੌਰ `ਤੇ ਲੈਜ਼ਬੀਅਨ, ਗੇਅ, ਸਟਰੇਟ, ਬਾਇਸੈਕਸੂਅਲ, ਟ੍ਰਾਂਸਜੈਂਡਰ, ਕਿਊਈਰ ਟੂ-ਸਪਿਰਿਟ, ਸਿਸਜੈਂਡਰ, ਜਾਂ ਕਿਸੇ ਹੋਰ ਤਰ੍ਹਾਂ ਕਰ ਸਕਦੇ ਹਨ।

# ਸਲਾਈਡ 3

## ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਕੀ ਹੈ?

2 ਮਿੰਟ

**ਲਿਖਤ ਦਾ ਨਮੂਨਾ:**

ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਸਮਾਜ ਅਤੇ ਕਲਾਸ ਵਿਚ ਸੋਜੀ ਦੀ ਭਿੰਨਤਾ ਨੂੰ ਸ਼ਾਮਲ ਕਰਦੀ ਹੈ ਅਤੇ ਹਰ ਇਕ ਨਾਲ ਆਦਰ ਅਤੇ ਮਾਣ ਨਾਲ ਵਰਤਾਉ ਕਰਨ ਦੀ ਮਹੱਤਤਾ ਬਾਰੇ ਗੱਲ ਕਰਦੀ ਹੈ।

ਸਕੂਲਾਂ ਵਿਚ ਨੇਮ ਨਾਲ ਭਿੰਨਤਾ ਬਾਰੇ ਵਿਚਾਰੇ ਜਾਣ ਵਾਲੇ ਵਿਸ਼ਿਆਂ ਵਿੱਚੋਂ ਸੋਜੀ ਇਕ ਹੈ, ਜਿਵੇਂ ਕਿ ਜਦੋਂ ਅਧਿਆਪਕ, ਨਸਲ, ਪਿਛੋਕੜ, ਧਰਮ ਅਤੇ ਸਮਰੱਥਾ ਬਾਰੇ ਬੋਲਦੇ ਹਨ। ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਦਾ ਸਿਰਫ ਇਹ ਅਰਥ ਹੈ ਕਿ ਸੋਜੀ ਬਾਰੇ ਇਸ ਤਰੀਕੇ ਨਾਲ ਗੱਲ ਕਰਨਾ ਜਿਹੜਾ ਇਹ ਪੱਕਾ ਕਰਦਾ ਹੈ ਕਿ ਹਰ ਵਿਦਿਆਰਥੀ ਇਹ ਮਹਿਸੂਸ ਕਰਦਾ ਹੈ ਕਿ ਉਹ ਫਿੱਟ ਹੁੰਦਾ ਹੈ। ਕੋਈ "ਸੋਜੀ ਪਾਠਕ੍ਰਮ" ਨਹੀਂ ਹੈ। ਸੋਜੀ ਇਕ ਅਜਿਹਾ ਵਿਸ਼ਾ ਹੈ ਜਿਹੜਾ ਬਹੁਤ ਸਾਰੇ ਵਿਸ਼ਿਆਂ ਅਤੇ ਸਕੂਲ ਦੀਆਂ ਸਰਗਰਮੀਆਂ ਰਾਹੀਂ ਵਿਚਾਰਿਆ ਜਾ ਸਕਦਾ ਹੈ।

ਸੋਜੀ ਦੀ ਸ਼ਮੂਲੀਅਤ ਵਾਲੇ ਸਕੂਲ ਦਾ ਮਤਲਬ ਇਹ ਹੈ ਕਿ ਇਨ੍ਹਾਂ ਸਾਰੇ ਅਨੁਭਵਾਂ ਅਤੇ ਪਛਾਣਾਂ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਇਹ ਕਦੀ ਵੀ ਵਿਤਕਰੇ ਦਾ ਕਾਰਨ ਨਹੀਂ ਬਣਦਾ।

# ਸਲਾਈਡ 4

## ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬੀ ਸੀ ਵਿਚ ਜ਼ਰੂਰੀ ਕਿਉਂ ਹੈ?

2 ਮਿੰਟ

**ਲਿਖਤ ਦਾ ਨਮੂਨਾ:**

ਵਿਦਿਆ ਮਹਿਕਮੇ ਦੇ ਮਨਿਸਟਰ ਨੇ 8 ਸਤੰਬਰ, 2016 ਨੂੰ ਐਲਾਨ ਕੀਤਾ ਸੀ ਕਿ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਬੋਰਡਜ਼ ਔਫ ਐਜੂਕੇਸ਼ਨ ਅਤੇ ਪ੍ਰਾਈਵੇਟ ਸਕੂਲਾਂ ਦੇ ਅਧਿਕਾਰੀਆਂ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ 31 ਦਸੰਬਰ, 2016 ਤੱਕ ਡਿਸਟ੍ਰਿਕਟ ਅਤੇ ਸਕੂਲ ਕੋਡਜ਼ ਔਫ ਕੰਡਕਟ ਵਿਚ ਸੈਕਸ਼ੂਅਲ ਓਰੀਐਨਟੇਸ਼ਨ ਐਂਡ ਜੈਂਡਰ ਆਇਡੈਂਟਿਟੀ (ਸੋਜੀ) ਦੀ ਜਾਣਕਾਰੀ ਸ਼ਾਮਲ ਕਰਨ।

ਇਹ ਹੁਕਮ ਬੀ ਸੀ ਹਿਊਮਨ ਰਾਈਟਸ ਕੋਡ ਵਿਚ ਜੁਲਾਈ 2016 ਨੂੰ ਕੀਤੀ ਗਈ ਸੋਧ ਦੀ ਪਾਲਣਾ ਕਰਦਾ ਹੈ, ਜਿਸ ਵਿਚ ਲਿੰਗ ਪਛਾਣ ਅਤੇ ਲਹਿਜ਼ੇ ਨੂੰ ਵਿਤਕਰੇ ਦਾ ਆਧਾਰ ਬਣਾਉਣ ਤੋਂ ਮਨਾਹੀ ਕੀਤੀ ਗਈ ਹੈ (ਜੋ ਕਿ ਪਹਿਲਾਂ ਹੀ ਮੌਜੂਦਾ ਸੈਕਸ਼ੂਅਲ ਓਰੀਐਨਟੇਸ਼ਨ ਵਿਚ ਰਲਦਾ ਹੈ)।

ਸਾਰੇ ਪਬਲਿਕ ਸਕੂਲ ਬੋਰਡਾਂ ਤੋਂ ਪਹਿਲਾਂ ਹੀ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲਾਂ ਵਿਚ ਅਜਿਹੇ ਕੋਡਜ਼ ਔਫ ਕੰਡਕਟ ਲਾਗੂ ਕਰਕੇ ਬੁਲੀਇੰਗ (ਧੱਕੇਸ਼ਾਹੀ) ਦਾ ਹੱਲ ਕਰਨ ਜਿਹੜੇ ਬੀ ਸੀ ਹਿਊਮਨ ਰਾਈਟਸ ਕੋਡ ਵਿਚਲੇ ਵਿਤਕਰੇ ਤੋਂ ਸੁਰੱਖਿਅਤ ਸਾਰੇ ਖੇਤਰਾਂ ਨੂੰ ਸਪਸ਼ਟ ਕਰਦੇ ਹਨ – ਜਿਸ ਵਿਚ ਪ੍ਰਵਾਨ ਕਰਨਯੋਗ ਅਤੇ ਨਾ ਪ੍ਰਵਾਨ ਕਰਨਯੋਗ ਵਤੀਰੇ ਅਤੇ ਸਿੱਟੇ ਸ਼ਾਮਲ ਹਨ। ਇਨ੍ਹਾਂ ਸਕੂਲਾਂ ਨੂੰ ਹੁਣ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਨ੍ਹਾਂ ਦੇ ਕੋਡਜ਼ ਔਫ ਕੰਡਕਟ ਵਿਚ ਸੋਜੀ ਨਾਲ ਸੰਬੰਧਿਤ ਵਤੀਰੇ ਅਤੇ ਸਿੱਟੇ ਸ਼ਾਮਲ ਹਨ।

ਪ੍ਰਾਈਵੇਟ ਸਕੂਲਾਂ ਤੋਂ ਵੀ ਇਸ ਤਰ੍ਹਾਂ ਮੰਗ ਕੀਤੀ ਗਈ ਹੈ ਕਿ ਉਹ ਸਾਰੇ ਵਿਦਿਆਰਥੀਆਂ ਦੀ ਸੇਫਟੀ, ਆਦਰ, ਅਤੇ ਪ੍ਰਵਾਨਗੀ ਨੂੰ ਉਤਸ਼ਾਹ ਦੇਣ ਵਾਲੀਆਂ ਆਪਣੀਆਂ ਪਾਲਸੀਆਂ; ਐਂਟੀ-ਬੁਲੀਇੰਗ ਅਤੇ ਹੈਰਾਸਮੈਂਟ ਪਾਲਸੀਆਂ; ਅਤੇ ਇਨ੍ਹਾਂ ਮਾਮਲਿਆਂ ਦਾ ਹੱਲ ਕਰਨ ਵਾਲੇ ਵਿਦਿਅਕ ਪ੍ਰੋਗਰਾਮਾਂ ਨੂੰ ਅਪਡੇਟ ਕਰਨ।

# ਸਲਾਈਡ 5

## ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬੀ ਸੀ ਵਿਚ ਜ਼ਰੂਰੀ ਕਿਉਂ ਹੈ?

2 ਮਿੰਟ

**ਲਿਖਤ ਦਾ ਨਮੂਨਾ:**

ਖੋਜ ਇਹ ਦਿਖਾਉਂਦੀ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਨਾਲ ਅਕਾਦਮਿਕ ਅਤੇ ਸਮਾਜਿਕ ਦੋਨਾਂ ਦੇ ਤੌਰ `ਤੇ ਸਕੂਲ ਦੇ ਬਿਹਤਰ ਨਤੀਜੇ ਨਿਕਲਦੇ ਹਨ।

ਇਸ ਤੋਂ ਇਲਾਵਾ, ਬੀ ਸੀ ਦੇ 19% ਵਿਦਿਆਰਥੀ ਨਿਰੋਲ ਤੌਰ `ਤੇ ਹੈਟਰੋਸੈਕਸ਼ੂਅਲ ਨਹੀਂ ਵਜੋਂ ਆਪਣੀ ਪਛਾਣ ਕਰਦੇ ਹਨ, ਅਤੇ ਬਹੁਤ ਸਾਰੇ ਅਜਿਹੇ ਘਰਾਂ ਤੋਂ ਹਨ ਜਿਨ੍ਹਾਂ ਦੇ ਪਰਿਵਾਰ ਦਾ ਮਾਡਲ ਰਵਾਇਤੀ ਨਹੀਂ ਹੈ।

# ਸਲਾਈਡ 6

## ਸੋਜੀ 1 2 3 ਕੀ ਹੈ?

1 ਮਿੰਟ

**ਲਿਖਤ ਦਾ ਨਮੂਨਾ:**

ਸੋਜੀ 1 2 3 ਪਾਠਕ੍ਰਮ ਨਹੀਂ ਹੈ। ਸੋਜੀ 1 2 3 ਅਧਿਆਪਕਾਂ ਲਈ ਆਪਣੇ ਡਿਸਟ੍ਰਿਕਟਸ, ਕਲਾਸਰੂਮਾਂ ਅਤੇ ਸਕੂਲਾਂ ਨੂੰ ਸੋਜੀ ਦੀ ਸ਼ਮੂਲੀਅਤ ਵਾਲੇ ਮਾਹੌਲਾਂ ਵਾਲੇ ਬਣਾਉਣ ਲਈ ਇਕ ਵਸੀਲਾ ਹੈ। ਸੋਜੀ 1 2 3 ਸੂਬੇ ਭਰ ਵਿਚ ਐਜੂਕੇਟਰ ਵਸੀਲੇ ਪਹੁੰਚਯੋਗ ਬਣਾਉਂਦਾ ਹੈ। ਅਧਿਆਪਕ ਇਹ ਚੋਣ ਕਰ ਸਕਦੇ ਹਨ ਕਿ ਕੀ ਉਹ ਆਪਣੀਆਂ ਕਲਾਸਾਂ ਵਿਚ ਸੋਜੀ 1 2 3 ਦੇ ਵਸੀਲੇ ਵਰਤਣਾ ਚਾਹੁੰਦੇ ਹਨ ਅਤੇ ਕਦੋਂ ਚਾਹੁੰਦੇ ਹਨ।

# ਸਲਾਈਡ 7

## ਸੋਜੀ ਦੀ ਸ਼ਮੂਲੀਅਤ ਵਾਲੇ ਸਕੂਲਾਂ ਲਈ 1, 2, 3

4 ਮਿੰਟ

*ਕੰਮ: ਸੋਜੀ 1, 2, 3 ਦੇ ਤਿੰਨ ਮੂਲ ਆਧਾਰ ਦਿਖਾਉਣ ਲਈ bc.sogieducation.org ਪੇਸ਼ ਕਰੋ।*

**ਲਿਖਤ ਦਾ ਨਮੂਨਾ:**

ਸੋਜੀ 1 2 3 ਆਪਣਾ ਨਾਂ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਦੀਆਂ ਤਿੰਨ ਪਹੁੰਚਾਂ ਤੋਂ ਲੈਂਦਾ ਹੈ। ਜਦੋਂ ਸੋਜੀ 1 2 3 ਦੇ ਸਾਰੇ ਮੂਲ ਆਧਾਰ ਸਕੂਲਾਂ ਵਿਚ ਲਾਗੂ ਹੋ ਜਾਂਦੇ ਹਨ ਤਾਂ ਸਾਰੇ ਮਾਪੇ, ਸਟਾਫ ਅਤੇ ਵਿਦਿਆਰਥੀ ਸੁਆਗਤ ਹੋਇਆ ਮਹਿਸੂਸ ਕਰਦੇ ਹਨ।

ਸੋਜੀ 1: ਡਿਸਟ੍ਰਿਕਟਾਂ ਦੀ ਸੋਜੀ ਪਾਲਸੀ ਬਣਾਉਣ ਵਿਚ ਮਦਦ ਕਰਦਾ ਹੈ ਅਤੇ 10 ਮੁੱਖ ਹਿੱਸੇ ਦੱਸਦਾ ਹੈ। ਸੋਜੀ ਦਾ ਸਪਸ਼ਟ ਰੂਪ ਵਿਚ ਵਰਣਨ ਕਰਨ ਵਾਲੀ ਪਾਲਸੀਆਂ ਅਤੇ ਕਾਰਵਾਈਆਂ, ਸਾਰੇ ਵਿਦਿਆਰਥੀਆਂ ਲਈ ਵਿਤਕਰੇ, ਆਤਮ ਹੱਤਿਆ ਦੇ ਖਿਆਲਾਂ, ਅਤੇ ਆਤਮ ਹੱਤਿਆਂ ਦੀਆਂ ਕੋਸ਼ਿਸ਼ਾਂ ਨੂੰ ਘਟਾਉਣ ਵਾਲੀਆਂ ਸਾਬਤ ਹੋਈਆਂ ਹਨ।

ਸੋਜੀ 2: ਇਸ ਚੀਜ਼ ਬਾਰੇ ਸੇਧ ਪ੍ਰਦਾਨ ਕਰਦਾ ਹੈ ਕਿ ਸਕੂਲ ਪੱਧਰ ਦੇ ਉੱਦਮਾਂ ਨੂੰ ਕਿਵੇਂ ਸ਼ਾਮਲ ਕਰਨਾ ਹੈ ਅਤੇ ਉਤਸ਼ਾਹ ਦੇਣ ਵਾਲਾ ਅਤੇ ਸ਼ਮੂਲੀਅਤ ਵਾਲਾ ਮਾਹੌਲ ਕਿਵੇਂ ਬਣਾਉਣਾ ਹੈ – ਜਿਸ ਵਿਚ ਸੋਜੀ ਅਤੇ ਐੱਲ ਜੀ ਬੀ ਟੀ ਕਿਊ+ ਸਾਈਨ, ਸ਼ਬਦਾਂ ਦੀਆਂ ਚੋਣਾਂ, ਅਤੇ ਪਾਠਕ੍ਰਮ ਤੋਂ ਬਾਹਰ ਦੇ ਮੌਕੇ ਸ਼ਾਮਲ ਹਨ – ਸਾਰੇ ਵਿਦਿਆਰਥੀਆਂ ਲਈ ਚੰਗੀ ਅਤੇ ਸੁਆਗਤ ਕਰਨ ਵਾਲੀ ਥਾਂ ਬਣਾਉ।

ਸੋਜੀ 3: ਅਧਿਆਪਕ ਕਲਾਸਰੂਮ ਲਈ ਸ੍ਰੋਤ ਇਸ ਸਫੇ ਉੱਪਰ ਅਤੇ ਕੇ-12 ਦੇ ਲੈਸਨਾਂ ਤੋਂ ਲੱਭ ਸਕਦੇ ਹਨ। ਵੱਖ ਵੱਖ ਵਿਸ਼ਿਆਂ ਵਿਚ ਲੈਸਨਾਂ ਦੀਆਂ ਅਜਿਹੀਆਂ ਪਲੈਨਾਂ ਜਿਹੜੀਆਂ ਭਿੰਨਤਾ ਅਤੇ ਆਦਰ ਸਿਖਾਉਣ ਅਤੇ ਸੋਜੀ ਦੇ ਵਿਸ਼ਿਆਂ ਅਤੇ ਐੱਲ ਜੀ ਬੀ ਟੀ ਕਿਊ+ਕਮਿਊਨਟੀ ਦੇ ਮੈਬਰਾਂ ਦੀਆਂ ਉਦਾਹਰਣਾਂ ਸ਼ਾਮਲ ਕਰਨ, ਪੜ੍ਹਾਈ ਨੂੰ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ ਅਤੇ ਸਮਾਜ ਵਿਚ ਸੋਜੀ ਦੀ ਭਿੰਨਤਾ ਬਾਰੇ ਸਿਖਾਉਂਦੀਆਂ ਹਨ।

# ਸਲਾਈਡ 8

## ਸੋਜੀ ਐਜੂਕੇਟਰ ਨੈੱਟਵਰਕ

2 ਮਿੰਟ

**ਲਿਖਤ ਦਾ ਨਮੂਨਾ:**

ਸੋਜੀ ਐਜੂਕੇਟਰ ਨੈੱਟਵਰਕ, ਡਿਸਟ੍ਰਿਕਟ ਵਿਚ ਅਤੇ ਡਿਸਟ੍ਰਿਕਟ ਦੀਆ ਹੱਦਾਂ ਤੋਂ ਬਾਹਰ ਸਟਾਫ ਨੂੰ ਹੋਰ ਐਜੂਕੇਟਰਜ਼ ਅਤੇ ਸਾਧਨਾਂ, ਵਸੀਲਿਆਂ ਅਤੇ ਉਨ੍ਹਾਂ ਮਦਦਾਂ ਨਾਲ ਜੋੜਦਾ ਹੈ ਜਿਨ੍ਹਾਂ ਦੀ ਉਨ੍ਹਾਂ ਨੂੰ ਆਪਣੇ ਸਕੂਲਾਂ ਅਤੇ ਕਲਾਸਰੂਮਾਂ ਨੂੰ ਸ਼ਮੂਲੀਅਤ ਦੇ ਮਾਹੌਲ ਵਾਲੇ ਬਣਾਉਣ ਲਈ ਲੋੜ ਹੁੰਦੀ ਹੈ।

ਨੈੱਟਵਰਕ ਮਾਡਲ, ਹਰ ਸਕੂਲ ਵਿਚ ਇਕ ਸੋਜੀ ਸਕੂਲ ਲੀਡ ਬਣਾਉਂਦਾ ਹੈ ਜੋ ਕਿ ਸੋਜੀ ਨਾਲ ਸੰਬੰਧਿਤ ਸਵਾਲਾਂ ਦੇ ਜਵਾਬ ਦੇਣ ਲਈ ਹੁੰਦਾ ਹੈ, ਅਤੇ ਉਹ ਹੋਰ ਸਟਾਫ ਨੂੰ ਟਰੇਨਿੰਗ ਜਾਂ ਵਸੀਲੇ ਪ੍ਰਦਾਨ ਕਰ ਸਕਦਾ ਹੈ। ਸੋਜੀ ਸਕੂਲ ਲੀਡ, ਸੋਜੀ ਡਿਸਟ੍ਰਿਕਟ ਲੀਡ ਤੋਂ ਮਦਦ ਲੈ ਸਕਦਾ ਹੈ, ਅਤੇ ਬੀ ਸੀ ਸੋਜੀ ਐਜੂਕੇਸ਼ਨ ਲੀਡ ਸਾਰੇ ਸੋਜੀ ਡਿਸਟ੍ਰਿਕਟ ਲੀਡਜ਼ ਲਈ ਮਦਦ ਪ੍ਰਦਾਨ ਕਰਦਾ ਹੈ।

ਮਾਪੇ ਸੋਜੀ ਸਕੂਲ ਲੀਡ ਨਾਲ ਗੱਲ ਕਰ ਸਕਦੇ ਹਨ ਜੇ ਉਨ੍ਹਾਂ ਦੇ ਮਨ ਵਿਚ ਆਪਣੇ ਬੱਚੇ ਦੇ ਸਕੂਲ ਵਿਚ ਸੋਜੀ ਦੇ ਉੱਦਮਾਂ ਬਾਰੇ ਕੋਈ ਸਵਾਲ ਹੋਣ।

# ਸਲਾਈਡ 9

## ਸੂਬੇ ਨਾਲ ਸਹਿਯੋਗ (ਅਲਾਇਨਮੈਂਟ)

1 ਮਿੰਟ

**ਲਿਖਤ ਦਾ ਨਮੂਨਾ:**

ਸੋਜੀ 1 2 3, ਏ ਆਰ ਸੀ ਫਾਉਂਡੇਸ਼ਨ ਵਲੋਂ ਬੀ ਸੀ ਮਨਿਸਟਰੀ ਔਫ ਐਜੂਕੇਸ਼ਨ; ਬੀ ਸੀ ਟੀਚਰਜ਼' ਫਡਰੇਸ਼ਨ; ਬੀ ਸੀ ਭਰ ਦੇ ਸਕੂਲ ਡਿਸਟ੍ਰਿਕਟਸ; ਯੂ ਬੀ ਸੀ ਫਾਕਿਲਟੀ ਔਫ ਐਜੂਕੇਸ਼ਨ; ਪੜ੍ਹਾਈ ਵਿਚਲੇ ਹਿੱਸੇਦਾਰਾਂ; ਅਤੇ ਵੱਖ ਵੱਖ ਲੋਕਲ, ਕੇਂਦਰੀ ਅਤੇ ਅੰਤਰਰਾਸ਼ਟਰੀ ਐੱਲ ਜੀ ਬੀ ਟੀ ਕਿਊ ਕਮਿਊਨਟੀ ਦੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਸੀ।

ਸੋਜੀ 1 2 3 ਸੂਬਾਈ ਸੰਸਥਾਵਾਂ ਅਤੇ ਐਸੋਸੀਏਸ਼ਨਾਂ ਵਿਚਕਾਰ ਪੁਲ ਉਸਾਰਨ ਵਿਚ ਮਦਦ ਕਰਦਾ ਹੈ ਤਾਂ ਜੋ ਜ਼ਿਆਦਾ ਅਸਰਦਾਰ, ਕਾਇਮ ਰਹਿਣ ਯੋਗ, ਅਤੇ ਤੇਜ਼ ਤਬਦੀਲੀ ਹੋ ਸਕੇ। ਬਹੁਤ ਸਾਰੇ ਗਰੁੱਪ ਲੰਬੇ ਸਮੇਂ ਤੋਂ ਇਸ ਖੇਤਰ ਵਿਚ ਬਹੁਤ ਵਧੀਆ ਕੰਮ ਕਰ ਰਹੇ ਹਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਸਹਿਯੋਗ ਦੇਣਾ ਸਾਰਿਆਂ ਲਈ ਫਾਇਦਿਆਂ ਵਿਚ ਹੋਰ ਵਾਧਾ ਕਰਦਾ ਹੈ।

# ਸਲਾਈਡ 10

## ਬੀ ਸੀ ਦਾ ਪਾਠਕ੍ਰਮ: ਨਿੱਜੀ ਅਤੇ ਸਮਾਜਿਕ ਸ਼ਕਤੀਆਂ

3 ਮਿੰਟ

**ਕੰਮ:** *ਹਿੱਸਾ ਲੈਣ ਵਾਲਿਆਂ ਨੂੰ ਇਹ ਸਲਾਈਡ ਪੜ੍ਹਨ ਦਿਉ ਤਾਂ ਜੋ ਉਹ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਅਤੇ ਨਵੇਂ ਪਾਠਕ੍ਰਮ ਦੀਆਂ ਮੁੱਖ ਸ਼ਕਤੀਆਂ ਨਾਲ ਸੰਬੰਧ ਦੇਖ ਸਕਣ।*

**ਲਿਖਤ ਦਾ ਨਮੂਨਾ:**

ਸ਼ਮੂਲੀਅਤ ਅਤੇ ਭਿੰਨਤਾ ਨੂੰ ਸਕੂਲਾਂ ਵਿਚ ਆਮ ਹੀ ਵਿਚਾਰਿਆ ਜਾਂਦਾ ਹੈ।

ਸੋਜੀ 1 2 3 ਨਵੇਂ ਪਾਠਕ੍ਰਮ ਦੀਆਂ ਮੁੱਖ ਸ਼ਕਤੀਆਂ, ਖਾਸ ਕਰਕੇ ਨਿੱਜੀ ਅਤੇ ਸਮਾਜਿਕ ਸ਼ਕਤੀਆਂ ਨੂੰ ਜ਼ਿੰਦਗੀ ਵਿਚ ਲਿਆਉਂਦਾ ਹੈ। ਭਿੰਨਤਾ ਬਾਰੇ ਵਿਚਾਰ-ਵਟਾਂਦਰਾ ਕਰਕੇ ਅਤੇ ਵਿਤਕਰੇ ਨੂੰ ਨਿਰ-ਉਤਸ਼ਾਹਿਤ ਕਰਕੇ ਵਿਦਿਆਰਥੀ ਆਪਣੇ ਆਪ ਲਈ ਬਿਹਤਰ ਯੋਗ ਹੁੰਦੇ ਹਨ, ਅਤੇ ਆਪਣੇ ਸਾਥੀਆਂ ਵਿਚਲੇ ਫਰਕਾਂ ਨੂੰ ਪ੍ਰਵਾਨ ਕਰਦੇ ਹਨ।

ਚੰਗੀਆਂ ਅਤੇ ਸ਼ਾਮਲ ਕਰਨ ਵਾਲੀਆਂ ਪਾਲਸੀਆਂ ਦਾ ਸਾਰੇ ਵਿਦਿਆਰਥੀਆਂ ਉੱਪਰ ਹਾਂਪੱਖੀ ਅਸਰ ਪੈਂਦਾ ਹੈ ਕਿਉਂਕਿ ਉਹ ਪ੍ਰਵਾਨ ਅਤੇ ਆਦਰ ਕਰਨ ਦੇ ਸਭਿਆਚਾਰ ਨੂੰ ਉਤਸ਼ਾਹ ਦਿੰਦੀਆਂ ਹਨ।

# ਸਲਾਈਡ 11

## ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਕਿਸ ਤਰ੍ਹਾਂ ਦੀ ਦਿਖਾਈ ਦੇ ਸਕਦੀ ਹੈ?

2 ਮਿੰਟ

**ਲਿਖਤ ਦਾ ਨਮੂਨਾ:**

ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਵਿਦਿਆਰਥੀਆਂ ਬਾਰੇ ਹੈ ਜਿਹੜੇ ਸਮਾਜ ਵਿਚ ਸੋਜੀ ਦੀ ਭਿੰਨਤਾ ਬਾਰੇ ਅਤੇ ਹਰ ਇਕ ਨਾਲ ਆਦਰ ਅਤੇ ਮਾਣ ਨਾਲ ਵਰਤਾਉ ਕਰਨ ਦੀ ਮਹੱਤਤਾ ਬਾਰੇ ਗੱਲਬਾਤ ਕਰਦੇ ਹਨ।

ਟੀਚਰ ਇਹ ਫੈਸਲਾ ਕਰਨ ਲਈ ਬਿਹਤਰ ਲੈਸ ਹਨ ਕਿ ਉਨ੍ਹਾਂ ਦੀਆਂ ਕਲਾਸਾਂ ਲਈ ਉਮਰ ਮੁਤਾਬਕ ਕੀ ਢੁਕਵਾਂ ਹੈ। ਉਦਾਹਰਣ ਲਈ, ਕੁਝ ਵਿਦਿਆਰਥੀ ਸਿੰਗਲ ਡੈਡੀਆਂ, ਗਰੈਂਡਪੇਰੈਂਟਸ, ਜਾਂ ਮਤਰੇਏ ਮਾਪਿਆਂ ਵਲੋਂ ਪਾਲੇ ਗਏ ਹਨ, ਜਦ ਕਿ ਕੁਝ ਦੀ ਮਾਂ ਨਹੀਂ ਹੈ, ਅਤੇ ਕੁਝ ਦੀਆਂ ਦੋ ਮਾਵਾਂ ਹਨ। ਪਰਿਵਾਰ ਦੀ ਭਿੰਨਤਾ ਬਾਰੇ ਇਕ ਅਸਰਦਾਰ ਕੇ/1 ਲੈਸਨ ਵਿਦਿਆਰਥੀਆਂ ਨੂੰ ਇਹ ਸਿਖਾਏਗਾ ਪਰਿਵਾਰ ਸਾਰੇ ਰੂਪਾਂ ਅਤੇ ਆਕਾਰਾਂ ਦੇ ਹਨ।

ਹੋਰ ਲੈਸਨ ਵਿਦਿਆਰਥੀਆਂ ਨੂੰ “ਦੈਟਸ ਸੋ ਗੇਅ” ਕਹਿਣ ਤੋਂ ਰੋਕ ਸਕਦਾ ਹੈ, ਜੋ ਕਿ ਸਕੂਲਾਂ ਦੇ ਸੁਆਗਤ ਕਰਨ ਵਾਲੇ ਮਾਹੌਲ ਉੱਪਰ ਸਿੱਧਾ ਅਸਰ ਪਾਉਂਦਾ ਹੈ। ਸੋਜੀ 1  2 3 ਲੈਸਨ ਪਲੈਨਾਂ ਅਧਿਆਪਕਾਂ ਲਈ ਇਕ ਇਖਤਿਆਰੀ ਵਸੀਲਾ ਹਨ। ਉਹ ਤੁਹਾਡੇ ਸੂਬਾਈ ਪਾਠਕ੍ਰਮ ਨਾਲ ਮੇਲ ਖਾਂਦੀਆਂ ਹਨ ਅਤੇ ਇਹ ਅਧਿਆਪਕਾਂ ਵਲੋਂ ਆਪਣੀ ਇੱਛਾ ਮਤਾਬਕ ਢਾਲਣ ਲਈ ਹਨ।

# ਸਲਾਈਡ 12

## ਸੋਜੀ 1 2 3 ਐਲੀਮੈਂਟਰੀ ਕਲਾਸਾਂ ਵਿਚ

2 ਮਿੰਟ

***ਨੋਟ:*** *ਇਹ ਸਲਾਈਡ ਓਪਸ਼ਨਲ ਹੈ ਜੋ ਕਿ ਸਰੋਤਿਆਂ ਦੀਆਂ ਦਿਲਚਸਪੀਆਂ `ਤੇ ਨਿਰਭਰ ਕਰਦੀ ਹੈ।*

**ਲਿਖਤ ਦਾ ਨਮੂਨਾ:**

ਸੋਜੀ ਬਾਰੇ ਸਿੱਖਿਆ ਦੇਣਾ ਧਰਮਾਂ ਜਾਂ ਸਭਿਆਚਾਰਾਂ ਬਾਰੇ ਸਿੱਖਿਆ ਦੇਣ ਵਾਂਗ ਹੈ – ਅਸੀਂ ਵੱਖ ਵੱਖ ਧਰਮਾਂ "ਬਾਰੇ" ਸਿਖਾਉਂਦੇ ਹਾਂ, ਪਰ ਇਹ ਨਹੀਂ ਸਿਖਾਉਂਦੇ ਕਿ ਵਿਦਿਆਰਥੀ ਉਨ੍ਹਾਂ ਵਿੱਚੋਂ ਕਿਸੇ ਧਰਮ ਦੇ ਹੋਣੇ ਚਾਹੀਦੇ ਹਨ।

ਟੀਚਰ ਸਾਰੇ ਲੈਸਨਾਂ ਦੀਆਂ ਪਲੈਨਾਂ ਨੂੰ ਜਿਵੇਂ ਠੀਕ ਸਮਝਦੇ ਹੋਣ ਅਡਜਸਟ ਕਰ ਸਕਦੇ ਹਨ, ਅਤੇ ਸਾਰੀਆਂ ਲੈਸਨ ਪਲੈਨਾਂ ਬੀ ਸੀ ਦੇ ਪਾਠਕ੍ਰਮ ਨਾਲ ਮੇਲ ਖਾਂਦੀਆਂ ਹਨ। ਸਾਮੱਗਰੀ ਵਿਦਿਆਰਥੀਆਂ ਦੇ ਵੱਡੇ ਹੋਣ ਨਾਲ ਵਿਕਸਿਤ ਹੁੰਦੀ ਜਾਂਦੀ ਹੈ।

ਇਸ ਸਲਾਈਡ ਵਿਚ ਦਿੱਤੀਆਂ ਗਈਆਂ ਲੈਸਨ ਪਲੈਨਾਂ ਸੋਜੀ 1 2 3 ਵੈੱਬਸਾਈਟ ਤੋਂ ਆਈਆਂ ਹਨ। ਇਨ੍ਹਾਂ ਵਿੱਚੋਂ ਹਰ ਲੈਸਨ ਪਲੈਨ ਟੀਚਰਾਂ ਨੂੰ ਇਹ ਸੁਝਾਅ ਦਿੰਦੀ ਹੈ ਕਿ ਕਲਾਸਰੂਮ ਵਿਚ ਨਵੀਂ ਗੱਲਬਾਤ ਕਿਵੇਂ ਸ਼ੁਰੂ ਕਰਨੀ ਹੈ। ਇਹ ਨੋਟ ਕਰੋ ਕਿ ਵਿਦਿਆਰਥੀਆਂ ਦੇ ਵੱਡੇ ਹੋਣ `ਤੇ ਕਿਵੇਂ ਸਾਮੱਗਰੀ ਬਦਲਦੀ ਜਾਂਦੀ ਹੈ। ਉਦਾਹਰਣ ਲਈ, ਮੁਢਲੇ ਲੈਸਨ ਪਰਿਵਾਰਾਂ ਦੀ ਭਿੰਨਤਾ ਬਾਰੇ ਹੋਣਗੇ ਅਤੇ ਵਿਚਕਾਰਲੇ ਲੈਸਨ ਉਨ੍ਹਾਂ ਕੱਟੜ ਧਾਰਨਾਵਾਂ ਬਾਰੇ ਗੱਲਬਾਤ ਕਰਨਗੇ ਜਿਨ੍ਹਾਂ ਦਾ ਸਾਨੂੰ ਸਾਮ੍ਹਣਾ ਕਰਨਾ ਪੈ ਸਕਦਾ ਹੈ।

# ਸਲਾਈਡ 13

## ਸੋਜੀ 1 2 3 ਸੈਕੰਡਰੀ ਕਲਾਸਾਂ ਵਿਚ

2 ਮਿੰਟ

***ਨੋਟ:*** *ਇਹ ਸਲਾਈਡ ਓਪਸ਼ਨਲ ਹੈ ਜੋ ਕਿ ਸਰੋਤਿਆਂ ਦੀਆਂ ਦਿਲਚਸਪੀਆਂ `ਤੇ ਨਿਰਭਰ ਕਰਦੀ ਹੈ।*

**ਲਿਖਤ ਦਾ ਨਮੂਨਾ:**

ਸੋਜੀ ਬਾਰੇ ਸਿੱਖਿਆ ਦੇਣਾ ਧਰਮਾਂ ਜਾਂ ਸਭਿਆਚਾਰਾਂ ਬਾਰੇ ਸਿੱਖਿਆ ਦੇਣ ਵਾਂਗ ਹੈ – ਅਸੀਂ ਵੱਖ ਵੱਖ ਧਰਮਾਂ "ਬਾਰੇ" ਸਿਖਾਉਂਦੇ ਹਾਂ, ਪਰ ਇਹ ਨਹੀਂ ਸਿਖਾਉਂਦੇ ਕਿ ਵਿਦਿਆਰਥੀ ਉਨ੍ਹਾਂ ਵਿੱਚੋਂ ਕਿਸੇ ਧਰਮ ਦੇ ਹੋਣੇ ਚਾਹੀਦੇ ਹਨ।

ਟੀਚਰ ਸਾਰੇ ਲੈਸਨਾਂ ਦੀਆਂ ਪਲੈਨਾਂ ਨੂੰ ਜਿਵੇਂ ਠੀਕ ਸਮਝਦੇ ਹੋਣ ਅਡਜਸਟ ਕਰ ਸਕਦੇ ਹਨ, ਅਤੇ ਸਾਰੀਆਂ ਲੈਸਨ ਪਲੈਨਾਂ ਬੀ ਸੀ ਦੇ ਪਾਠਕ੍ਰਮ ਨਾਲ ਮੇਲ ਖਾਂਦੀਆਂ ਹਨ। ਸਾਮੱਗਰੀ ਵਿਦਿਆਰਥੀਆਂ ਦੇ ਵੱਡੇ ਹੋਣ ਨਾਲ ਵਿਕਸਿਤ ਹੁੰਦੀ ਜਾਂਦੀ ਹੈ।

ਇਸ ਸਲਾਈਡ ਵਿਚ ਦਿੱਤੀਆਂ ਗਈਆਂ ਲੈਸਨ ਪਲੈਨਾਂ ਸੋਜੀ 1 2 3 ਵੈੱਬਸਾਈਟ ਤੋਂ ਆਈਆਂ ਹਨ। ਇਨ੍ਹਾਂ ਵਿੱਚੋਂ ਹਰ ਲੈਸਨ ਪਲੈਨ ਟੀਚਰਾਂ ਨੂੰ ਇਹ ਸੁਝਾਅ ਦਿੰਦੀ ਹੈ ਕਿ ਕਲਾਸਰੂਮ ਵਿਚ ਨਵੀਂ ਗੱਲਬਾਤ ਕਿਵੇਂ ਸ਼ੁਰੂ ਕਰਨੀ ਹੈ। ਵਿਸ਼ੇ ਸਾਇੰਸਾਂ ਤੋਂ ਲੈ ਕੇ ਆਦਿਵਾਸੀ ਦ੍ਰਿਸ਼ਟੀਕੋਣਾਂ ਤੱਕ ਅਤੇ ਸਾਹਿਤ ਵਿਚ ਲਿੰਗ (ਜੈਂਡਰ) ਬਾਰੇ ਕੱਟੜ ਧਾਰਨਾਵਾਂ ਤੱਕ ਵੱਖ ਵੱਖ ਹੋ ਸਕਦੇ ਹਨ।

# ਸਲਾਈਡ 14

## ਜੀ ਐੱਸ ਏਜ਼ ਅਤੇ ਕਿਊ ਐੱਸ ਏਜ਼

2 ਮਿੰਟ

***ਨੋਟ:*** *ਇਹ ਸਲਾਈਡ ਓਪਸ਼ਨਲ ਹੈ ਜੋ ਕਿ ਸਰੋਤਿਆਂ ਦੀਆਂ ਦਿਲਚਸਪੀਆਂ `ਤੇ ਨਿਰਭਰ ਕਰਦੀ ਹੈ।*

**ਲਿਖਤ ਦਾ ਨਮੂਨਾ:**

ਜੀ ਐੱਸ ਏ ਤੋਂ ਭਾਵ ਗੇਅ ਸਟਰੇਟ ਅਲਾਇੰਸ ਜਾਂ ਜੈਂਡਰ ਸੈਕਸ਼ੂਅਲਟੀ ਅਲਾਇੰਸ ਹੈ। ਕਿਊ ਐੱਸ ਏ ਜਾਂ ਕਿਊਰ ਸਟਰੇਟ ਅਲਾਇੰਸ ਵਰਗੇ ਨਾਂ ਵੀ ਹਨ।
ਜੀ ਐੱਸ ਏ ਆਮ ਤੌਰ `ਤੇ ਵਿਦਿਆਰਥੀਆਂ ਵਲੋਂ ਚਲਾਇਆ ਜਾਂਦਾ ਹੈ ਅਤੇ ਇਹ ਸਕੂਲ ਵਿਚ ਸਾਰੇ ਵਿਦਿਆਰਥੀਆਂ ਲਈ ਸੁਰੱਖਿਅਤ ਥਾਂ ਯਕੀਨੀ ਬਣਾਉਂਦਾ ਹੈ। ਗਰੁੱਪ ਸਟਾਫ ਦੇ ਕਿਸੇ ਮੈਂਬਰ ਵਲੋਂ ਸਪੌਂਸਰ ਕੀਤਾ ਜਾਵੇਗਾ, ਅਤੇ ਗਰੁੱਪ ਵਿਸ਼ਿਆਂ ਬਾਰੇ ਗੱਲਬਾਤ ਕਰਨ, ਸਰਗਰਮੀਆਂ ਕਰਨ ਅਤੇ ਇਕ ਦੂਜੇ ਦੀ ਮਦਦ ਲਈ ਅਕਸਰ ਮਿਲੇਗਾ।

# ਸਲਾਈਡ 15

## ਸੋਜੀ 1 2 3 ਮਾਪਿਆਂ ਲਈ ਵੀਡਿਓਜ਼

8 ਮਿੰਟ

***ਕੰਮ:*** *ਉਸ ਵੀਡਿਓ ਬਾਰੇ ਦੱਸੋ ਅਤੇ ਚਲਾਉ ਜਿਹੜੀ ਤੁਹਾਡੇ ਸਰੋਤਿਆਂ ਲਈ ਸਭ ਤੋਂ ਬਿਹਤਰ ਹੈ।*

**ਲਿਖਤ ਦਾ ਨਮੂਨਾ:**

ਹੁਣ ਅਸੀਂ ਸੋਜੀ 1 2 3 ਮਾਪਿਆਂ ਲਈ ਇਕ ਵੀਡਿਓ ਦੇਖਾਂਗੇ ਜਿਹੜੀ ਇਸ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਦਿੰਦੀ ਹੈ ਕਿ ਕਲਾਸਰੂਮ ਵਿਚ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਅਤੇ ਸੋਜੀ 1 2 3 ਕਿਵੇਂ ਦਿਖਾਈ ਦੇ ਸਕਦੇ ਹਨ।

# ਸਲਾਈਡ 16

## ਤੁਸੀਂ ਘਰ ਵਿਚ ਕੀ ਕਰ ਸਕਦੇ ਹੋ?

2 ਮਿੰਟ

***ਕੰਮ:*** *SOGIeducation.org/parents ਤੋਂ ਲਿਆ ਮਾਪਿਆਂ ਲਈ ਸੋਜੀ 1 2 3 ਬਰੋਸ਼ਰ ਵੰਡੋ।*

**ਲਿਖਤ ਦਾ ਨਮੂਨਾ:**
ਬੱਚਿਆਂ ਕੋਲ ਸਵਾਲ ਹੁੰਦੇ ਹਨ ਅਤੇ ਅਸੀਂ ਰਲ ਕੇ ਜਾਣ ਸਕਦੇ ਹਾਂ। ਘਰ ਵਿਚ, ਤੁਸੀਂ ਅਤੇ ਤੁਹਾਡਾ ਬੱਚਾ, ਖੁਲ੍ਹੇ ਮਨ ਨਾਲ ਅਤੇ ਪ੍ਰਵਾਨ ਕਰਕੇ, ਕਾਮੁਕ ਰੁਚੀ ਅਤੇ ਲਿੰਗ ਪਛਾਣ ਦੇ ਵਿਸ਼ਿਆਂ ਬਾਰੇ ਗੱਲਬਾਤ ਕਰ ਸਕਦੇ ਹੋ। ਉਦਾਹਰਣ ਲਈ, ਵੱਡੇ ਬੱਚਿਆਂ ਲਈ, ਮਾਪੇ ਅਜਿਹਾ ਦ੍ਰਿਸ਼ ਸਾਮ੍ਹਣੇ ਲਿਆ ਸਕਦੇ ਹਨ ਜਿਸ ਵਿਚ ਉਹ ਮਦਦ ਪਸੰਦ ਕਰਨਗੇ। “ਮੈਂ ਦਾਦੀ ਨੂੰ ਕਿਵੇਂ ਦੱਸਾਂ ਕਿ ਸਾਡੇ ਦੋਸਤ ਦਾ ਗੇਅ ਹੋਣਾ ਗਲਤ ਚੀਜ਼ ਨਹੀਂ ਹੈ?”

ਇਹ ਜਾਣਨ ਲਈ ਆਪਣੇ ਬੱਚੇ ਦੇ ਟੀਚਰਾਂ ਨਾਲ ਗੱਲ ਕਰੋ ਕਿ ਉਹ ਕਲਾਸਰੂਮ ਵਿਚ ਕੀ ਪੜ੍ਹਾ ਰਹੇ ਹਨ ਅਤੇ ਤੁਹਾਡੇ ਬੱਚੇ ਦੇ ਸਕੂਲ ਵਿਚ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਕਿਵੇਂ ਸਿਰੇ ਚਾੜ੍ਹੀ ਜਾ ਰਹੀ ਹੈ।

ਘਰ ਵਿਚ ਪੜ੍ਹਨ ਲਈ ਉਮਰ ਮੁਤਾਬਕ ਢੁਕਵੀਂ ਸੋਜੀ ਨਾਲ ਸੰਬੰਧਿਤ ਕੋਈ ਕਿਤਾਬ ਚੁਣੋ ਅਤੇ ਆਪਣੇ ਬੱਚਿਆਂ ਨਾਲ ਇਸ ਬਾਰੇ ਵਿਚਾਰ ਕਰੋ। SOGIeducation.org `ਤੇ ਵੀਡਿਓਜ਼ ਦੇਖੋ ਅਤੇ ਬੀ ਸੀ ਵਿਚ ਜੋ ਹੋ ਰਿਹਾ ਹੈ ਉਸ ਬਾਰੇ BC.SOGIeducation.org `ਤੇ ਹੋਰ ਪੜ੍ਹੋ।

# ਸਲਾਈਡ 17

## ਤੁਸੀਂ ਘਰ ਵਿਚ ਕੀ ਕਰ ਸਕਦੇ ਹੋ?

1 ਮਿੰਟ

***ਕੰਮ:*** *ਹਿੱਸਾ ਲੈਣ ਵਾਲਿਆਂ ਨੂੰ ਇਹ ਉਤਸ਼ਾਹ ਦਿਉ ਕਿ ਉਹ ਜ਼ਿਆਦਾ ਜਾਣਨ ਅਤੇ ਤੁਹਾਡੇ ਨਾਲ ਸਿੱਧਾ ਸੰਪਰਕ ਕਰਕੇ, SOGIeducation.org/parents `ਤੇ ਜਾ ਕੇ, ਆਪਣੇ ਬੱਚੇ ਦੇ ਟੀਚਰ ਜਾਂ ਸੋਜੀ ਸਕੂਲ ਲੀਡ ਨਾਲ ਸੰਪਰਕ ਕਰਕੇ ਸਵਾਲਾਂ ਦੇ ਜਵਾਬ ਲੈਣ।*

***ਵਾਧੂ ਸਰਗਰਮੀ:*** *ਜੇ ਸਮਾਂ ਆਗਿਆ ਦਿੰਦਾ ਹੋਵੇ ਤਾਂ ਸਭਾ ਨੂੰ ਵਿਚਾਰ-ਵਟਾਂਦਰੇ ਲਈ ਖੋਲ੍ਹੋ।*

**ਲਿਖਤ ਦਾ ਨਮੂਨਾ:**
ਹਿੱਸਾ ਲੈਣਾ ਅਤੇ ਪਤਾ ਲਾਉਣ ਲਈ ਤੁਹਾਡਾ ਧੰਨਵਾਦ!

# ਬਰੋਸ਼ਰ

ਇਹ ਬਰੋਸ਼ਰ ਜਾਣਕਾਰੀ ਦੇ ਇਸ ਸੈਸ਼ਨ ਲਈ ਸਿਫਾਰਸ਼ ਕੀਤੀਆਂ ਗਈਆਂ ਸਰਗਰਮੀਆਂ ਵਿਚ ਮਦਦ ਕਰਦੇ ਹਨ।

**ਸਾਮੱਗਰੀ**

ਸੋਜੀ 1 2 3 ਮਾਪਿਆਂ ਲਈ ਬਰੋਸ਼ਰ 14

## ਸੋਜੀ 1 2 3 ਮਾਪਿਆਂ ਲਈ ਬਰੋਸ਼ਰ

### ਕਲਾਸਰੂਮ ਵਿਚ ਸੋਜੀ 1 2 3 ਬਾਰੇ ਆਮ ਜਾਣਕਾਰੀ

ਇਹ ਬਰੋਸ਼ਰ ਇਸ ਚੀਜ਼ ਬਾਰੇ ਆਮ ਜਾਣਕਾਰੀ ਦਿੰਦਾ ਹੈ ਕਿ ਸੋਜੀ 1 2 3 ਕਲਾਸਰੂਮ ਵਿਚ ਕਿਸ ਤਰ੍ਹਾਂ ਦਿਖਾਈ ਦੇ ਸਕਦਾ ਹੈ। ਪੇਪਰ ਦੀ ਇਕ ਸ਼ੀਟ ਉੱਪਰ ਦੋਨੋਂ ਪਾਸੇ ਸਫਾ 14 ਅਤੇ 15 ਪ੍ਰਿੰਟ ਕਰੋ ਅਤੇ ਇਸ ਨੂੰ ਤਿੰਨ-ਪਰਤਾਂ ਵਾਲਾ ਬਰੋਸ਼ਰ ਬਣਾਉਣ ਲਈ ਸਫੇ ਦੇ ਨੰਬਰਾਂ ਮੁਤਾਬਕ ਮੋੜੋ।

**ਨੋਟ:** ਇਹ ਬਰੋਸ਼ਰ SOGIeducation.org/parents `ਤੇ ਮੈਂਡਾਰਿਨ, ਕੈਂਟੋਨੀਜ਼, ਪੰਜਾਬੀ, ਟੈਗਾਲੌਗ ਅਤੇ ਰਸ਼ੀਅਨ ਵਿਚ ਉਪਲਬਧ ਹੈ।

SOGIeducation.org ’ਤੇ ਪੜ੍ਹਾਉਣ ਦੇ ਵਸੀਲੇ ਸੂਬੇ ਭਰ ਦੇ ਅਧਿਆਪਕਾਂ ਵਲੋਂ ਤਿਆਰ ਕੀਤੇ ਗਏ ਸਨ ਅਤੇ ਇਸ ਦਾ ਮਕਸਦ ਕਲਾਸਰੂਮਾਂ ਨੂੰ ਸਾਰੇ ਵਿਦਿਆਰਥੀਆਂ ਲਈ ਸ਼ਾਮਲ ਕਰਨ ਵਾਲੇ ਬਣਾਉਣ ਵਿਚ ਹੋਰ ਅਧਿਆਪਕਾਂ ਦੀ ਮਦਦ ਕਰਨਾ ਹੈ। ਸਾਰੇ ਵਸੀਲੇ ਸਾਲ 2016 ਵਿਚ ਅਪਡੇਟ ਕੀਤੇ ਗਏ ਬੀ ਸੀ ਹਿਊਮਨ ਰਾਈਟਸ ਕੋਡ ਨਾਲ ਮੇਲ ਖਾਂਦੇ ਹਨ।



## ਅਸੀਂ ਕੀ ਕਰਦੇ ਹਾਂ

ਐੱਸ ਓ ਜੀ ਆਈ 1 2 3 ਪਾਠਾਂ (ਲੈਸ਼ਨਜ਼) ਦੀਆਂ ਪਲੈਨਾਂ ਦੀਆਂ ਟੈਮਪਲੇਟ ਨੂੰ ਸ਼ੇਅਰ ਕਰਦੇ ਹਨ ਜੋ ਕਿ ਟੀਚਰਾਂ ਲਈ ਪ੍ਰਵਾਨਗੀ ਦਾ ਸੁਨੇਹਾ ਭੇਜਣਾ ਅਤੇ ਵੱਖ ਵੱਖ ਪਰਿਵਾਰਕ ਢਾਂਚਿਆਂ, ਸਭਿਆਚਾਰਾਂ ਅਤੇ ਐੱਲ ਜੀ ਬੀ ਟੀ ਕਿਉ ਕਮਿਉਨਟੀ ਤੋਂ ਵਿਦਿਆਰਥੀਆਂ ਦਾ ਸੁਆਗਤ ਕਰਨਾ ਸੌਖਾ ਬਣਾਉਂਦੀਆਂ ਹਨ।



“ਇਸ ਤਰ੍ਹਾਂ ਦੇ ਬੱਚੇ ਹਨ ਜਿਹੜੇ ਮੇਰੇ ਜਾਂ ਮੇਰੇ ਬੱਚਿਆਂ ਨਾਲੋਂ ਵੱਖਰੇ ਹਨ। ਉਹ ਵੀ ਸ਼ਾਮਲ ਹੋਇਆ ਮਹਿਸੂਸ ਕਰਨਾ ਚਾਹੁੰਦੇ ਹਨ।”

- ਸਟੇਸੀ ਵੇਕਲਿਨ,
ਲੈਂਗਲੀ ਦਾ ਮਾਪਾ

# ਬੱਚਿਆਂ ਕੋਲ ਸੁਆਲ ਹੁੰਦੇ ਹਨ।

## ਰਲ ਕੇ ਪਤਾ ਲਾਉ।

SOGIEDUCATION.ORG ’ਤੇ ਜਾਉ।

*ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਵਿਦਿਆ ਮਹਿਕਮੇ ਰਾਹੀਂ ਮਿਲੀ ਮਾਇਕ ਮਦਦ ਲਈ ਧੰਨਵਾਦੀ ਹਾਂ।*

*ਸਹਿਯੋਗੀ ਹਿੱਸੇਦਾਰ:*

SOGI 123

BCCPAC BC Confederation of Parent Advisory Councils

ARC FOUNDATION

BRITISH COLUMBIA

SOGI 123

ਉਨ੍ਹਾਂ ਵਸੀਲਿਆਂ ਦਾ ਇਕ ਸਮੂਹ ਹੈ ਜਿਹੜੇ ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਅਤੇ ਆਪਣੀਆਂ ਕਲਾਸਾਂ ਵਿਚ ਸ਼ਾਮਲ ਮਹਿਸੂਸ ਕਰਵਾਉਣ ਲਈ ਟੀਚਰਾਂ ਦੀ ਵਰਤੋਂ ਲਈ ਉਪਲਬਧ ਹਨ।

***“ਐੱਸ ਓ ਜੀ ਆਈ ਵਿਚ ਸ਼ਾਮਲ ਪੜ੍ਹਾਈ ਹਰ ਇਕ ਨਾਲ ਆਦਰ ਵਾਲਾ ਵਰਤਾਉ ਕਰਨ ਅਤੇ ਇਹ ਪੱਕਾ ਕਰਨ ਬਾਰੇ ਹੈ ਕਿ ਸਕੂਲ ਭਾਈਚਾਰੇ ਦਾ ਹਰ ਮੈਂਬਰ ਵਡਮੁੱਲਾ, ਸੁਰੱਖਿਅਤ ਅਤੇ ਨੁਮਾਇੰਦਗੀ ਹੁੰਦੀ ਮਹਿਸੂਸ ਕਰਦਾ ਹੈ।”***

**–ਬੀ ਸੀ ਸੀ ਪੀ ਏ ਸੀ ਬੋਰਡ ਔਫ ਡਾਇਰੈਕਟਰਜ਼**

[Punjabi]

## ਐੱਸ ਓ ਜੀ ਆਈ ਦੇ ਵਿਸ਼ੇ ਅਤੇ ਸਿੱਖਿਆ ਹਰ ਉਮਰ ਅਤੇ ਹਰ ਕਲਾਸਰੂਮ ਮੁਤਾਬਕ ਵੱਖਰੇ ਦਿਖਾਈ ਦਿੰਦੇ ਹਨ।

ਸਾਰੇ ਵਿਦਿਆਰਥੀ ਆਪਣੀ ਪੂਰੀ ਸਮਰੱਥਾ ਮੁਤਾਬਕ ਰਹਿਣ ਅਤੇ ਸਿੱਖਣ ਦੇ ਯੋਗ ਹੋਣੇ ਚਾਹੀਦੇ ਹਨ।

ਕੁਝ ਵਿਦਿਆਰਥੀਆਂ ਨੂੰ ਸਰੀਰਕ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਦ ਕਿ ਹੋਰ ਇੰਨਾ ਸਪਸ਼ਟ ਨਹੀਂ ਹੁੰਦੇ।

ਪਾਠਾਂ ਦੀਆਂ ਪਲੈਨਾਂ ਜਿਵੇਂ ਕਿ *4/5 ਲਿੰਗ ਪਛਾਣ* ਬੱਚਿਆਂ ਨੂੰ ਇਹ ਸਿਖਾਉਂਦੀ ਹੈ ਕਿ ਕਿਸੇ ਨੂੰ ਵੀ ਕੱਟੜ ਧਾਰਨਾਵਾਂ ਕਰਕੇ ਸੀਮਤ ਮਹਿਸੂਸ ਨਹੀਂ ਕਰਨਾ ਚਾਹੀਦਾ, ਜਾਂ ਇਨ੍ਹਾਂ ਕਰਕੇ ਤੰਗ ਨਹੀਂ ਕੀਤਾ ਜਾਣਾ ਚਾਹੀਦਾ।

K
1
2
3
4
5
6
7
8
9
10
11
12

ਸਾਰੇ ਵਿਦਿਆਰਥੀਆਂ ਲਈ ਆਪਣੀ ਕਲਾਸ ਵਿਚ ਆਪਣੇ ਆਪ ਦਾ ਅਕਸ ਦਿਖਾਏ ਜਾਂਦੇ ਦੇਖਣਾ ਉਸ ਦੀ ਜੁੜੇ ਹੋਣ ਦੀ ਭਾਵਨਾ 'ਤੇ ਸਿੱਧਾ ਅਸਰ ਪਾਉਂਦਾ ਹੈ।

ਕੁਝ ਬੱਚਿਆਂ ਦੀਆਂ ਮਾਂਵਾਂ ਨਹੀਂ ਹੁੰਦੀਆਂ, ਅਤੇ ਕੁਝ ਬੱਚਿਆਂ ਕੋਲ ਦੋ ਹੁੰਦੀਆਂ ਹਨ।

ਪਾਠਾਂ ਦੀਆਂ ਪਲੈਨਾਂ ਜਿਵੇਂ ਕਿ *ਕੇ/1 ਪਰਿਵਾਰਕ ਵੰਨ-ਸੁਵੰਨਤਾ* ਬੱਚਿਆਂ ਨੂੰ ਇਹ ਸਿਖਾਉਂਦੀਆਂ ਹਨ ਕਿ ਪਰਿਵਾਰ ਸਾਰੀਆਂ ਸ਼ਕਲਾਂ ਅਤੇ ਅਕਾਰਾਂ ਦੇ ਹੁੰਦੇ ਹਨ।

ਸਕੂਲ ਵਿਤਕਰੇ ਦੀਆਂ ਬਹੁਤ ਸਾਰੀਆਂ ਵੱਖ ਵੱਖ ਕਿਸਮਾਂ ਬਾਰੇ ਸਿਖਾਉਂਦੇ ਹਨ ਜਿਵੇਂ ਕਿ ਨਸਲਵਾਦ, ਇਸਤਰੀ ਜਾਤੀ ਤੋਂ ਘਿਰਣਾ ਅਤੇ ਕਾਮੁਕ ਤੌਰ 'ਤੇ ਪਰੇਸ਼ਾਨ ਕਰਨਾ।

*8/9/10 ਸਮਾਜਿਕ ਇਨਸਾਫ ਦੀ ਸ਼ਬਦਾਵਲੀ* ਵਰਗੇ ਪਾਠ ਇਹ ਦ੍ਰਿੜ ਕਰਨਾ ਜਾਰੀ ਰੱਖਦੇ ਹਨ ਕਿ ਸਾਡੀ ਭਾਸ਼ਾ ਅਤੇ ਐਕਸ਼ਨ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੇ ਹਨ ਅਤੇ ਇਸੇ ਤਰ੍ਹਾਂ ਹੀ ਇਸ ਨੂੰ ਅਣਡਿੱਠ ਕਰਨਾ।

ਟੀਚਰ ਇਹ ਪਤਾ ਲਾਉਣ ਲਈ ਬਿਹਤਰ ਲੈਸ ਹੁੰਦੇ ਹਨ ਕਿ ਉਨ੍ਹਾਂ ਦੀ ਕਲਾਸ ਲਈ ਉਮਰ ਮੁਤਾਬਕ ਕੀ ਢੁਕਵਾਂ ਹੈ। ਪ੍ਰਾਇਮਰੀ ਪੱਧਰ 'ਤੇ, ਟੀਚਰ ਪਰਿਵਾਰਾਂ ਵਿਚ ਕੱਟੜ ਧਾਰਨਾਵਾਂ, ਖਿਡੌਣਿਆਂ ਅਤੇ ਟੀ ਵੀ ਬਾਰੇ ਗੱਲ ਕਰ ਸਕਦੇ ਹਨ ਅਤੇ ਸੈਕੰਡਰੀ ਟੀਚਰ ਵਿਦਿਆਰਥੀਆਂ ਨੂੰ ਸਾਡੀ ਦੁਨੀਆ ਦਾ ਇਹ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਲਈ ਉਤਸ਼ਾਹ ਦੇ ਸਕਦੇ ਹਨ ਕਿ ਇਹ ਕੱਟੜ ਧਾਰਨਾਵਾਂ ਕਿਵੇਂ ਸਾਡੇ ਮੇਲਜੋਲ 'ਤੇ ਅਸਰ ਪਾਉਂਦੀਆਂ ਹਨ। ਬੱਚਿਆਂ ਦੇ ਵੱਡੇ ਹੋਣ 'ਤੇ ਕਾਮੁਕ ਰੁਚੀ ਅਤੇ ਲਿੰਗ ਪਛਾਣ ਬਾਰੇ ਧਾਰਨਾਵਾਂ ਪੱਕੀਆਂ ਹੋ ਜਾਂਦੀਆਂ ਹਨ।

### ਸਾਰੇ ਵਿਦਿਆਰਥੀ ਪਾਠਾਂ ਤੋਂ ਆਦਰ ਅਤੇ ਕਦਰਦਾਨੀ ਦੀਆਂ ਕਦਰਾਂ-ਕੀਮਤਾਂ ਸਿੱਖਦੇ ਹਨ ਜਿਹੜੀਆਂ ਵਿਤਕਰੇ ਨੂੰ ਰੋਕਦੀਆਂ ਹਨ।

*ਕੇ-12 ਕਿਉਂ "ਇਹ ਬਹੁਤ ਗੇਅ ਹੈ" ਓਕੇ ਨਹੀਂ ਹੈ* ਵਰਗੇ ਪਾਠ ਦੀਆਂ ਪਲੈਨਾਂ ਬੱਚਿਆਂ ਨੂੰ "ਸੋ ਗੇਅ" ਵਰਗੀਆਂ ਗੱਲਾਂ ਕਹਿਣ ਤੋਂ ਰੋਕਦੀਆਂ ਹਨ ਜਿਹੜੀਆਂ ਸਿੱਧਾ ਸਕੂਲਾਂ ਦੇ ਸੁਆਗਤ ਕਰਨ ਵਾਲੇ ਮਾਹੌਲ 'ਤੇ ਅਸਰ ਪਾਉਂਦੀਆਂ ਹਨ। ਜਦੋਂ ਅਸੀਂ ਆਪਣੇ ਫਰਕਾਂ ਨੂੰ ਪ੍ਰਵਾਨ ਕਰਦੇ ਹਾਂ, ਅਸੀਂ ਇਕ ਦੂਜੇ ਦਾ ਆਦਰ ਕਰਨਾ ਸਿੱਖਦੇ ਹਾਂ।

# ਇਤਰਾਜ਼ਾਂ ਬਾਰੇ ਗੱਲ ਕਰਨਾ

## ਸੋਜੀ ਦੀ ਪੜ੍ਹਾਈ ਦੇ ਵਿਰੋਧ ਲਈ ਬੋਲਣ ਵਾਲੇ ਪੋਆਇੰਟ

---

**ਤਰਕ**

ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਦਾ ਵਿਰੋਧ ਹੁੰਦਾ ਹੈ। ਇਸ ਲਿਖਤ ਵਿਚ ਅਜਿਹੇ ਖਿਆਲ ਹਨ ਜਿਨ੍ਹਾਂ ਦੀ ਵਰਤੋਂ ਕੋਈ ਵੀ ਸਾਂਝਾ ਆਧਾਰ ਲੱਭਣ ਵਿਚ ਅਤੇ ਗੱਲਬਾਤ ਨੂੰ ਵਾਪਸ ਵਿਦਿਆਰਥੀਆਂ ਦੀ ਸੇਫਟੀ ਅਤੇ ਭਲਾਈ `ਤੇ ਵਾਪਸ ਲਿਆਉਣ ਵਿਚ ਮਦਦ ਲਈ ਕਰ ਸਕਦਾ ਹੈ।

**ਸ਼ਰਧਾ ਆਧਾਰਿਤ ਅਤੇ ਸਭਿਆਚਾਰਕ ਭਾਵੁਕਤਾ**

- ਐੱਲ ਜੀ ਬੀ ਟੀ ਕਿਊ ਲੋਕ ਹਰ ਨਸਲ, ਧਰਮ/ਸ਼ਰਧਾ, ਉਮਰ, ਇਲਾਕੇ ਤੋਂ ਹਨ ਅਤੇ ਉਹ ਸਾਰੀ ਦੁਨੀਆ ਵਿਚ ਅਤੇ ਇਤਿਹਾਸ ਵਿਚ ਮਿਲਦੇ ਹਨ।
- ਬਹੁਤ ਸਾਰੀਆਂ ਧਾਰਮਿਕ-ਸ਼ਰਧਾ ਆਧਾਰਿਤ ਸੰਸਥਾਵਾਂ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਐੱਲ ਜੀ ਬੀ ਟੀ ਕਿਊ ਲੋਕਾਂ ਦੇ ਹਿਮਾਇਤੀ ਹਨ ਅਤੇ ਬਹੁਤ ਸਾਰੇ ਐੱਲ ਜੀ ਬੀ ਟੀ ਕਿਊ ਲੋਕ ਧਾਰਮਿਕ/ਸ਼ਰਧਾਵਾਨ ਹਨ।
- ਤਕਰੀਬਨ ਸਾਰੇ ਧਰਮਾਂ ਅਤੇ ਐਥਨੋ-ਸਭਿਆਚਾਰਕਰ ਗਰੁੱਪਾਂ ਵਿਚ ਐੱਲ ਜੀ ਬੀ ਟੀ ਕਿਊ ਦੇ ਉੱਪ-ਗਰੁੱਪ ਹਨ।
- ਪਰਿਵਾਰਾਂ ਦੀਆਂ ਸਦਾ ਹੀ ਵੱਖ ਵੱਖ ਕਦਰਾਂ-ਕੀਮਤਾਂ ਹੋਣਗੀਆਂ। *ਸਾਰਿਆਂ* ਲਈ ਆਦਰ ਦੀ ਸਮਾਜਿਕ ਮਹੱਤਤਾ ਸਿਖਾਉਣਾ ਸਕੂਲਾਂ ਦਾ ਫਰਜ਼ ਹੈ।

### ਸੋਜੀ ਦੀ ਪੜ੍ਹਾਈ ਦੀ ਲੋੜ ਅਤੇ ਫਾਇਦੇ

**ਹਰ ਸਕੂਲ ਵਿਚ ਹਰ ਕਲਾਸ 2011 –)ਕੈਨੇਡੀਅਨ(**

- ਤਕਰੀਬਨ ਦੋ ਤਿਹਾਈ (64 ਪ੍ਰਤੀਸ਼ਤ) ਐੱਲ ਜੀ ਬੀ ਟੀ ਕਿਊ ਵਿਦਿਆਰਥੀਆਂ ਨੇ ਇਹ ਦੱਸਿਆ ਹੈ ਕਿ ਉਹ ਸਕੂਲ ਵਿਚ ਅਸੁਰੱਖਿਅਤ ਮਹਿਸੂਸ ਕਰਦੇ ਹਨ।
- ਕਿਸੇ ਵੀ ਸਕੂਲ ਵਿਚ ਹੈਟਰੋਸੈਕਸ਼ੂਅਲ ਵਿਦਿਆਰਥੀਆਂ ਜਿੰਨੇ ਹੀ ਐੱਲ ਜੀ ਬੀ ਟੀ ਕਿਊ ਵਿਦਿਆਰਥੀਆਂ ਦੇ ਹੋਣ ਦੀ ਸੰਭਾਵਨਾ ਹੈ ਜਿਨ੍ਹਾਂ ਨੂੰ ਉਨ੍ਹਾਂ ਦੀ ਕਾਮੁਕ ਰੁਚੀ ਜਾਂ ਲਿੰਗ ਇਜ਼ਹਾਰ ਬਾਰੇ ਪਰੇਸ਼ਾਨ ਕੀਤਾ ਜਾਂਦਾ ਹੈ।
- ਐਂਟੀ-ਹੋਮੋਫੋਬੀਆ ਪਾਲਸੀਆਂ ਵਾਲੇ ਸਕੂਲਾਂ ਦੇ ਐੱਲ ਜੀ ਬੀ ਟੀ ਕਿਊ ਵਿਦਿਆਰਥੀਆਂ ਨੇ ਸਰੀਰਕ ਅਤੇ ਜ਼ਬਾਨੀ ਪਰੇਸ਼ਾਨੀ ਦੀਆਂ ਕਾਫੀ ਘੱਟ ਘਟਨਾਵਾਂ ਹੋਣ ਬਾਰੇ ਦੱਸਿਆ ਹੈ।

**ਸਾਰਾਵਾਇਕ 2016 –)ਕੈਨੇਡੀਅਨ(**

- ਐਂਟੀ-ਹੋਮੋਫੋਬੀਆ ਦੇ ਉੱਦਮਾਂ ਵਾਲੇ ਸਕਲਾਂ ਵਿਚ, ਸਟਰੇਟ ਜਵਾਨਾਂ ਨੇ ਵਿਤਕਰੇ ਦੇ ਘੱਟ ਪੱਧਰਾਂ ਦੀ ਰਿਪੋਰਟ ਦਿੱਤੀ ਹੈ ਕਿਉਂਕਿ ਲੋਕਾਂ ਨੇ ਓਨਾਂ ਨੰ ਗੇਅ ਜਾਂ ਲੈਜ਼ਬੀਅਨ ਸਮਝਿਆ ਸੀ, ਅਤੇ ਇਸ ਤਰਾਂ ਆਤਮ ਹੱਤਿਆ ਦੇ ਖਿਆਲ, ਆਤਮ ਹੱਤਿਆਂ ਦੀਆਂ ਕੋਸ਼ਿਸ਼ਾਂ, ਬਹੁਤ ਜ਼ਿਆਦਾ ਸ਼ਰਾਬ ਪੀਣਾ, ਨਸ਼ਿਆਂ ਦੀ ਵਰਤੋਂ ਦੀ ਸਮੱਸਿਆ ਦੇ ਘੱਟ ਪੱਧਰ ਹਨ।

**ਫੈਮਿਲੀ ਅਸੈਪਟੈਂਸ ਪ੍ਰੋਜੈਕਟ) ਐੱਸ ਐੱਫ ਯੂ ,2009(**

- ਮਾਪਿਆਂ ਦੇ ਵਤੀਰੇ ਮਹੱਤਵ ਰੱਖਦੇ ਹਨ। ਐੱਲ ਜੀ ਬੀ ਟੀ ਟੀਨਜ਼ ਦੀ ਮਾਪੇ ਵਲੋਂ ਨਾਮਨਜ਼ੂਰੀ ਉਸ ਦੀ ਸਿਹਤ `ਤੇ ਕਈ ਤਰੀਕਿਆਂ ਨਾਲ ਉਲਟ ਅਸਰ ਪਾ ਸਕਦੀ ਹੈ, ਜਿਸ ਵਿਚ, ਆਤਮ ਹੱਤਿਆ, ਡਿਪਰੈਸ਼ਨ, ਨਸ਼ਿਆਂ ਦੀ ਵਰਤੋਂ, ਅਸੁਰੱਖਿਅਤ ਸੈਕਸ, ਬੇਘਰਪੁਣਾ ਅਤੇ ਜਵਾਨਾਂ ਦੀ ਕੈਦ ਸ਼ਾਮਲ ਹਨ। ਮਦਦ ਕਰਨ ਵਾਲੇ ਸਕੂਲ ਇਨ੍ਹਾਂ ਨਤੀਜਿਆਂ ਵਿਚ ਸੁਧਾਰ ਕਰ ਸਕਦੇ ਹਨ।

## ਹਿਊਮਨ ਰਾਈਟਸ ਦੇ ਕਾਨੂੰਨ ਬਾਰੇ ਰੀਮਾਈਂਡਰ

- ਸਤੰਬਰ 2016 ਵਿਚ ਬੀ ਸੀ ਦੇ ਵਿਦਿਆ ਮਹਿਕਮੇ ਨੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੂੰ ਇਹ ਹੁਕਮ ਦਿੱਤਾ ਕਿ ਉਹ ਆਪਣੀਆਂ ਐਂਟੀ-ਬੁਲੀਇੰਗ ਪਾਲਸੀਆਂ ਅਤੇ ਸਕੂਲ ਦੇ ਕੋਡ ਔਫ ਕੰਡਕਟ ਵਿਚ ਸੈਕਸ਼ੂਐਲਟੀ ਅਤੇ ਜੈਂਡਰ ਆਇਡੈਂਟਿਟੀ/ਐਕਸਪ੍ਰੈਸ਼ਨ `ਤੇ ਆਧਾਰਿਤ ਸਪਸ਼ਟ ਰਖਵਾਲੀਆਂ ਸ਼ਾਮਲ ਕਰਨ।
- ਕੋਰਟਾਂ ਨੇ ਕਿਹਾ ਹੈ ਕਿ, *"ਸਰਕਾਰੀ ਸਕੂਲਾਂ ਦਾ ਸ਼ਾਮਲ ਕਰਨ ਵਾਲੇ ਅਤੇ ਧਰਮ ਨਿਰਪੱਖ ਹੋਣਾ ਜ਼ਰੂਰੀ ਹੈ, ਅਤੇ ਜਦੋਂ ਧਾਰਮਿਕ ਹੱਕ ਵਿਰੋਧ ਵਿਚ ਹੋਣ ਤਾਂ ਸਕੂਲਾਂ ਨੂੰ ਸ਼ਮੂਲੀਅਤ ਦੇ ਹੱਕ ਵਿਚ ਭੁਗਤਣਾ ਚਾਹੀਦਾ ਹੈ।"*
- ਕੋਰਟਾਂ ਨੇ ਕਿਹਾ ਹੈ ਕਿ, *"ਸਕੂਲ ਬੋਰਡਾਂ ਲਈ "ਦੇਖੇ" ਜਾਂ "ਅਸਲੀ" ਲੱਛਣਾਂ ਦੇ ਆਧਾਰ `ਤੇ ਪਰੇਸ਼ਾਨ ਕੀਤੇ ਜਾਣ (ਹੈਰਾਸਮੈਂਟ) ਜਾਂ ਧੱਕੇਸ਼ਾਹੀ (ਬੁਲੀਇੰਗ) ਦੇ ਇਲਜ਼ਾਮਾਂ ਦਾ ਅਸਰਦਾਰ ਤਰੀਕੇ ਨਾਲ ਜਵਾਬ ਦੇਣਾ ਜ਼ਰੂਰੀ ਹੈ ਅਤੇ ਉਨ੍ਹਾਂ ਲਈ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਅਜਿਹਾ ਮਾਹੌਲ ਪ੍ਰਦਾਨ ਕਰਨਾ ਜ਼ਰੂਰੀ ਹੈ ਜਿਹੜਾ ਉਨ੍ਹਾਂ ਨੂੰ ਵਿਤਕਰੇ ਕਾਰਨ ਪਰੇਸ਼ਾਨ ਕੀਤੇ ਜਾਣ ਦਾ ਸਬੱਬ ਨਹੀਂ ਬਣਦਾ"*
- ਕੋਰਟਾਂ ਨੇ ਕਿਹਾ ਹੈ ਕਿ, *"ਸਹਿਣਸ਼ੀਲਤਾ ਸਦਾ ਉਮਰ ਮੁਤਾਬਕ ਵਾਜਬ ਹੁੰਦੀ ਹੈ, ਬੱਚੇ ਉਦੋਂ ਤੱਕ ਨਹੀਂ ਸਿੱਖ ਸਕਦੇ ਜਦੋਂ ਤੱਕ ਉਨ੍ਹਾਂ ਨੂੰ ਅਜਿਹੇ ਵਿਚਾਰਾਂ ਦੇ ਸਾਮ੍ਹਣੇ ਨਹੀਂ ਲਿਆਇਆ ਜਾਂਦਾ ਜਿਹੜੇ ਉਨ੍ਹਾਂ ਵਲੋਂ ਘਰ ਵਿਚ ਸਿੱਖੇ ਗਏ ਵਿਚਾਰਾਂ ਤੋਂ ਵੱਖਰੇ ਹੁੰਦੇ ਹਨ।"*

**ਐੱਲ ਜੀ ਬੀ ਟੀ ਕਿਊ-ਦੀ ਸ਼ਮੂਲੀਅਤ ਬਾਰੇ ਮਾਪਿਆਂ ਅਤੇ ਕਮਿਊਨਟੀ ਦੇ ਮੈਂਬਰਾਂ ਨਾਲ ਗੱਲ ਕਰਨ ਲਈ ਜਵਾਬ** (ਬ੍ਰਿਟਿਸ਼ ਕੋਲੰਬੀਆ ਟੀਚਰਜ਼ ਫਡਰੇਸ਼ਨ ਵਲੋਂ)

*"ਇਹ ਆਪਣੇ ਬੱਚਿਆਂ ਨੂੰ ਪਰਿਵਾਰ ਦੀਆਂ ਕਦਰਾਂ-ਕੀਮਤਾਂ ਸਿਖਾਉਣ ਦੇ ਸਾਡੇ ਹੱਕਾਂ ਵਿਰੁੱਧ ਜਾਂਦਾ ਹੈ।"*

- ਟੀਚਰ ਬੱਚਿਆਂ ਨੂੰ ਉਦੋਂ ਕਲਾਸਾਂ ਤੋਂ ਬਾਹਰ ਜਾਣ ਦੀ ਛੋਟ ਨਹੀਂ ਦਿੰਦੇ ਜਦੋਂ ਉਹ ਅਬਰਿਜਨਲ ਲੋਕਾਂ, ਰੰਗਦਾਰ ਲੋਕਾਂ, ਡਿਸਏਬਿਲਟੀ ਵਾਲੇ ਲੋਕਾਂ, ਜਾਂ ਗੇਅ, ਲੈਜ਼ਬੀਅਨ, ਬਾਇਓਸੈਕਸ਼ੂਲ ਅਤੇ ਟ੍ਰਾਂਸਜੈਂਡਰ ਲੋਕਾਂ ਬਾਰੇ ਪੜ੍ਹਾਉਂਦੇ ਹਨ।
- ਤੁਸੀਂ ਘਰ ਵਿਚ ਆਪਣੇ ਬੱਚੇ ਨੂੰ ਬਿਲਕੁਲ ਆਪਣੀਆਂ ਕਦਰਾਂ-ਕੀਮਤਾਂ ਸਿਖਾ ਸਕਦੇ ਹੋ। ਸਰਕਾਰੀ ਸਕੂਲਾਂ ਦੀ ਸਾਰੇ ਵਿਦਿਆਰਥੀਆਂ ਨੂੰ ਭਿੰਨਤਾ ਦਾ ਆਦਰ ਕਰਨਾ ਅਤੇ ਸਾਰੀਆਂ ਕਿਸਮਾਂ ਦੇ ਲੋਕਾਂ ਦੀ ਕਦਰ ਕਰਨਾ ਸਿਖਾਉਣ ਦੀ ਡਿਊਟੀ ਹੈ।
- ਟੀਚਰਾਂ ਅਤੇ ਪ੍ਰਿੰਸੀਪਲਾਂ ਦੀ ਇਹ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਸਾਡੇ ਸਕੂਲ ਵਿਚ ਸਾਰੇ ਵਿਦਿਆਰਥੀਆਂ ਨੂੰ ਸੇਫਟੀ ਅਤੇ ਸ਼ਮੂਲੀਅਤ ਪ੍ਰਦਾਨ ਕਰਨ।

*ਇਹ ਭਰਤੀ ਕਰਨਾ ਹੈ ਜਾਂ ਸੈਕਸ ਬਾਰੇ ਸਿੱਖਿਆ ਦੇਣਾ ਹੈ!"*

- ਕੋਈ ਵੀ ਇਸ ਕਰਕੇ ਅਚਾਨਕ, ਲੈਜ਼ਬੀਅਨ, ਗੇਅ, ਬਾਇਓਸੈਕਸ਼ੂਲ ਜਾਂ ਟ੍ਰਾਂਸ ਬਣਨ ਦੀ ਚੋਣ ਨਹੀਂ ਕਰਦਾ ਕਿ ਉਸ ਨੇ ਇਸ ਵਿਸ਼ੇ ਬਾਰੇ ਸਕੂਲ ਵਿਚ ਸੁਣਿਆ ਸੀ।
- ਐਂਟੀ-ਹੋਮੋਫੋਬੀਆ ਅਤੇ ਐਂਟੀ-ਟ੍ਰਾਂਸਫੋਬੀਆ ਬਾਰੇ ਪੜ੍ਹਾਈ ਵਿਚ ਕਾਮੁਕ ਪ੍ਰੈਕਟਿਸਾਂ ਬਾਰੇ ਗੱਲਬਾਤ ਸ਼ਾਮਲ ਨਹੀਂ ਹੈ।
- ਸੈਕੰਡਰੀ ਦੇ ਵਿਦਿਆਰਥੀਆਂ ਨੂੰ ਸੰਬੰਧਾਂ ਅਤੇ ਸੇਫ ਸੈਕਸ ਬਾਰੇ ਸਹੀ ਜਾਣਕਾਰੀ ਦੀ ਲੋੜ ਹੁੰਦੀ ਹੈ। ਜਾਣਕਾਰੀ ਦੀ ਘਾਟ ਦੇ ਜਵਾਨਾਂ ਲਈ ਵੱਡੇ ਸਿੱਟੇ ਨਿਕਲ ਸਕਦੇ ਹਨ।

*"ਮੇਰਾ ਬੱਚਾ ਇਸ ਵਿਸ਼ੇ ਲਈ ਬਹੁਤ ਛੋਟਾ ਹੈ!"*

- ਬੱਚੇ ਪਹਿਲਾਂ ਹੀ ਪ੍ਰਾਇਮਰੀ ਸਾਲਾਂ ਦੌਰਾਨ ਹੋਮੋਫੋਬਿਕ ਅਤੇ ਟ੍ਰਾਂਸਫੋਬਿਕ ਬਦਖੋਈਆਂ ਸਿੱਖ ਰਹੇ ਹਨ। ਉਨ੍ਹਾਂ ਦੇ ਟੀਚਰ ਦੀ ਜੌਬ ਸਕੂਲ ਨੂੰ ਸੇਫ ਬਣਾਉਣਾ ਅਤੇ ਸਾਰੀਆਂ ਬੇਇੱਜ਼ਤੀਆਂ ਦਾ ਵਿਰੋਧ ਕਰਨਾ ਹੈ।
- ਸਾਰੇ ਵਿਦਿਆਰਥੀਆਂ ਅਤੇ ਪਰਿਵਾਰ, ਪਾਠਕ੍ਰਮ ਅਤੇ ਸਿੱਖਣ ਦੀਆਂ ਸਰਗਰਮੀਆਂ ਵਿਚ ਆਪਣੀ ਨੁਮਾਇੰਦਗੀ ਹੁੰਦੀ ਦੇਖਣ ਦੇ ਹੱਕਦਾਰ ਹਨ। ਸੂਬੇ ਦਾ ਲਾਜ਼ਮੀ ਪਾਠਕ੍ਰਮ ਪਰਿਵਾਰਾਂ ਦੇ ਵੱਖ ਵੱਖ ਢਾਂਚਿਆਂ ਨੂੰ ਸ਼ਾਮਲ ਕਰਦਾ ਹੈ।
- ਅਧਿਆਪਕ ਇਹ ਫੈਸਲਾ ਕਰਨ ਲਈ ਬਿਹਤਰ ਲੈਸ ਹੁੰਦੇ ਹਨ ਕਿ ਉਨ੍ਹਾਂ ਦੀਆਂ ਕਲਾਸਾਂ ਲਈ ਉਮਰ ਮੁਤਾਬਕ ਕੀ ਢੁਕਵਾਂ ਹੈ ਅਤੇ ਉਹ ਹਰ ਬੱਚੇ ਨੂੰ ਸਹੀ, ਨਵੀਂ ਜਾਣਕਾਰੀ ਪੜ੍ਹਾਉਣ ਲਈ ਟਰੇਂਡ ਹੁੰਦੇ ਹਨ।